www.prepp.in

Prepp
Your Personal Exams Guide

**Lang. Code : 15**

इस पुस्तिका में **20** पृष्ठ हैं ।
This booklet contains **20** pages.

# ATA-19-I

**प्रश्न-पत्र I / PAPER I**
**पंजाबी भाषा परिशिष्ट**
**Punjabi Language Supplement**
**भाग IV & V / PART IV & V**

**परीक्षा पुस्तिका संकेत**
**Test Booklet Code**

**A**

**परीक्षा पुस्तिका संख्या**
**Test Booklet No.**

**इस परीक्षा पुस्तिका को तब तक न खोलें जब तक कहा न जाए ।**
**Do not open this Test Booklet until you are asked to do so.**
**इस परीक्षा पुस्तिका के पिछले आवरण (पृष्ठ 19 व 20) पर दिए निर्देशों को ध्यान से पढ़ें ।**
**Read carefully the Instructions on the Back Cover (Page 19 & 20) of this Test Booklet.**

**पंजाबी में निर्देशों के लिए इस पुस्तिका का पृष्ठ 2 देखें । / For instructions in Punjabi see Page 2 of this Booklet.**

## परीक्षार्थियों के लिए निर्देश

1. यह पुस्तिका मुख्य परीक्षा पुस्तिका की एक परिशिष्ट है, उन परीक्षार्थियों के लिए जो **या** तो भाग IV (भाषा I) **या** भाग V (भाषा II) **पंजाबी** भाषा में देना चाहते हैं, लेकिन **दोनों नहीं** ।
2. परीक्षार्थी भाग I, II, III के उत्तर मुख्य परीक्षा पुस्तिका से दें और भाग IV व V के उत्तर उनके द्वारा चुनी भाषाओं से ।
3. अंग्रेज़ी व हिन्दी भाषा पर प्रश्न मुख्य परीक्षा पुस्तिका में भाग IV व भाग V के अन्तर्गत दिए गए हैं । भाषा परिशिष्टों को आप अलग से माँग सकते हैं ।
4. इस पृष्ठ पर विवरण अंकित करने एवं उत्तर पत्र पर निशान लगाने के लिए **केवल काले/नीले बॉल पॉइंट पेन** का प्रयोग करें ।
5. इस भाषा पुस्तिका का **संकेत** है **A** । यह सुनिश्चित कर लें कि इस भाषा परिशिष्ट पुस्तिका का संकेत, उत्तर पत्र के **पृष्ठ-2** एवं मुख्य परीक्षा पुस्तिका पर छपे संकेत से मिलता है । अगर यह भिन्न हो, तो परीक्षार्थी दूसरी भाषा परिशिष्ट परीक्षा पुस्तिका लेने के लिए निरीक्षक को तुरन्त अवगत कराएँ ।
6. इस परीक्षा पुस्तिका में **दो** भाग IV और V हैं, जिनमें **60** वस्तुनिष्ठ प्रश्न हैं, जो प्रत्येक 1 अंक का है :
   भाग-IV : भाषा I - (पंजाबी) (प्र. 91 से प्र. 120)
   भाग-V : भाषा II - (पंजाबी) (प्र. 121 से प्र. 150)
7. भाग-IV में भाषा-I के लिए 30 प्रश्न और भाग-V में भाषा-II के लिए 30 प्रश्न दिए गए हैं । इस परीक्षा पुस्तिका में केवल पंजाबी भाषा से संबंधित प्रश्न दिए गए हैं । **यदि भाषा-I और/या भाषा-II में आपके द्वारा चुनी गई भाषा(एँ) पंजाबी के अलावा है तो कृपया उस भाषा वाली परीक्षा पुस्तिका माँग लीजिए । जिन भाषाओं के प्रश्नों के उत्तर आप दे रहे हैं वह आवेदन पत्र में चुनी गई भाषाओं से अवश्य मेल खानी चाहिए ।**
8. **परीक्षार्थी भाग-V (भाषा-II) के लिए, भाषा सूची से ऐसी भाषा चुनें जो उनके द्वारा भाषा I (भाग-IV) में चुनी गई भाषा से भिन्न हो ।**
9. रफ कार्य परीक्षा पुस्तिका में इस प्रयोजन के लिए दी गई खाली जगह पर ही करें ।
10. सभी उत्तर केवल OMR उत्तर पत्र पर ही अंकित करें । अपने उत्तर ध्यानपूर्वक अंकित करें । उत्तर बदलने हेतु श्वेत रंजक का प्रयोग निषिद्ध है ।

## *INSTRUCTIONS FOR CANDIDATES*

1. This booklet is a supplement to the Main Test Booklet for those candidates who wish to answer **EITHER** Part IV (Language I) **OR** Part V (Language II) in **PUNJABI** language, but **NOT BOTH**.
2. Candidates are required to answer Parts I, II, III from the Main Test Booklet and Parts IV and V from the languages chosen by them.
3. Questions on English and Hindi languages for Part IV and Part V have been given in the Main Test Booklet. Language Supplements can be asked for separately.
4. Use **Black/Blue Ball Point Pen only** for writing particulars on this page / marking responses in the Answer Sheet.
5. The CODE for this Language Booklet is **A**. Make sure that the CODE printed on **Side-2** of the Answer Sheet and on your Main Test Booklet is the same as that on this Language Supplement Test Booklet. In case of discrepancy, the candidate should immediately report the matter to the Invigilator for replacement of the Language Supplement Test Booklet.
6. This Test Booklet has **two** Parts, IV and V, consisting of **60** Objective Type Questions, each carrying 1 mark :
   Part-IV : Language I - (Punjabi) (Q. 91 to Q. 120)
   Part-V : Language II - (Punjabi) (Q. 121 to Q. 150)
7. Part-IV contains 30 questions for Language-I and Part-V contains 30 questions for Language-II. In this Test Booklet, only questions pertaining to Punjabi language have been given. **In case the language/s you have opted for as Language-I and/or Language-II is a Language other than Punjabi, please ask for a Test Booklet that contains questions on that language. The language being answered must tally with the languages opted for in your Application Form.**
8. **Candidates are required to attempt questions in Part -V (Language-II) in a language other than the one chosen as Language-I (in Part-IV) from the list of languages.**
9. Rough work should be done only in the space provided in the Test Booklet for the same.
10. The answers are to be recorded on the OMR Answer Sheet only. Mark your responses carefully. No whitener is allowed for changing answers.

परीक्षार्थी का नाम (बड़े अक्षरों में) : ____________________
Name of the Candidate (in Capitals) :
अनुक्रमांक : (अंकों में) ____________________
Roll Number : in figures
: (शब्दों में) ____________________
: in words
परीक्षा केन्द्र (बड़े अक्षरों में) : ____________________
Centre of Examination (in Capitals) :
परीक्षार्थी के हस्ताक्षर : ____________ निरीक्षक के हस्ताक्षर : ____________
Candidate's Signature : Invigilator's Signature :
Facsimile signature stamp of
Centre Superintendent ____________________

**A**

www.prepp.in



**Lang. Code : 15**

ਇਸ ਪੁਸਤਿਕਾ ਵਿੱਚ 20 ਪੰਨੇ ਹਨ ।

# ATA-19-I

## ਪੇਪਰ I

## ਪੰਜਾਬੀ ਭਾਸ਼ਾ ਪੂਰਕ

## ਭਾਗ IV & V

ਪਰੀਖਿਆ ਪੁਸਤਿਕਾ ਸੰਕੇਤ

**A**

**ਇਸ ਪਰੀਖਿਆ-ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਕਿਹਾ ਨਾ ਜਾਵੇ ।**

**ਇਸ ਪਰੀਖਿਆ-ਪੁਸਤਿਕਾ ਦੇ ਪਿੱਛਲੇ ਪੰਨੇ (19 & 20) 'ਤੇ ਦਿੱਤੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ।**

**ਪਰੀਖਿਆਰਥੀਆਂ ਲਈ ਨਿਰਦੇਸ਼ :**

1. ਇਹ ਪੁਸਤਿਕਾ ਮੁੱਖ ਪ੍ਰਸ਼ਨ-ਪੁਸਤਿਕਾ ਦੀ ਇੱਕ ਪੂਰਕ ਹੈ, ਉਨ੍ਹਾਂ ਵਿਦਿਆਰਥੀਆਂ ਲਈ ਜੋ **ਜਾਂ** ਤਾਂ ਭਾਗ IV (ਭਾਸ਼ਾ I) **ਜਾਂ** ਭਾਗ V (ਭਾਸ਼ਾ II) **ਪੰਜਾਬੀ** ਭਾਸ਼ਾ ਵਿੱਚ ਦੇਣਾ ਚਾਹੁੰਦੇ ਹਨ ਪਰ **ਦੋਨਾਂ ਵਿੱਚ ਨਹੀਂ** ।
2. ਪਰੀਖਿਆਰਥੀ ਭਾਗ I, II, III ਦੇ ਉੱਤਰ ਮੁੱਖ ਪਰੀਖਿਆ-ਪੁਸਤਿਕਾ ਵਿੱਚੋਂ ਦੇਣ ਅਤੇ ਭਾਗ IV ਅਤੇ V ਦੇ ਉੱਤਰ ਉਨ੍ਹਾਂ ਦੁਆਰਾ ਚੁਣੀਆਂ ਭਾਸ਼ਾਵਾਂ ਵਿੱਚੋਂ ।
3. ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਦਿੱਤੇ ਪ੍ਰਸ਼ਨ ਮੁੱਖ ਪਰੀਖਿਆ-ਪੁਸਤਿਕਾ ਵਿੱਚ ਭਾਗ IV ਅਤੇ ਭਾਗ V ਵਿੱਚ ਦਿੱਤੇ ਗਏ ਹਨ । ਪੂਰਕ ਭਾਸ਼ਾ ਲਈ ਤੁਸੀਂ ਅਲਗ ਤੋਂ ਮੰਗ ਸਕਦੇ ਹੋਂ ।
4. ਇਸ ਪੰਨੇ ਉੱਤੇ ਵਿਵਰਨ ਦੇਣ ਲਈ ਅਤੇ ਉੱਤਰ-ਪੱਤਰ ਤੇ ਨਿਸ਼ਾਨ ਲਗਾਉਣ ਲਈ **ਕੇਵਲ ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਦਾ ਹੀ ਇਸਤੇਮਾਲ ਕਰੋ ।
5. ਇਸ ਭਾਸ਼ਾ-ਪੁਸਤਿਕਾ ਦਾ **ਸੰਕੇਤ** ਹੈ **A**. ਇਹ ਗੱਲ ਨਿਸ਼ਚਿਤ ਕਰ ਲਓ ਕਿ ਇਸ ਪੂਰਕ ਭਾਸ਼ਾ-ਪੁਸਤਿਕਾ ਦਾ ਸੰਕੇਤ, ਉੱਤਰ-ਪੱਤਰ ਦੇ **ਪੰਨਾ-2** ਅਤੇ ਮੁੱਖ ਪਰੀਖਿਆ-ਪੁਸਤਿਕਾ ਉੱਤੇ ਛਪੇ ਸੰਕੇਤ ਨਾਲ ਮਿਲਦਾ ਹੈ । ਜੇ ਕਿਤੇ ਕੋਈ ਫ਼ਰਕ ਹੈ ਤਾਂ ਪਰੀਖਿਆਰਥੀ ਪੂਰਕ-ਭਾਸ਼ਾ ਦੀ ਦੂਜੀ ਪਰੀਖਿਆ-ਪੁਸਤਿਕਾ ਲੈਣ ਲਈ ਤੁਰੰਤ ਨਿਰੀਖਿਅਕ ਨੂੰ ਸੂਚਿਤ ਕਰੋ ।
6. ਇਸ ਪਰੀਖਿਆ-ਪੁਸਤਿਕਾ ਵਿੱਚ **ਦੋ** ਭਾਗ IV ਅਤੇ V ਹਨ, ਜਿਸ ਵਿੱਚ **60** ਵਸਤੂਪਰਕ ਪ੍ਰਸ਼ਨ ਹਨ, ਹਰੇਕ ਲਈ 1 (ਇੱਕ) ਅੰਕ ਹੈ :
   ਭਾਗ IV : ਭਾਸ਼ਾ I – (ਪੰਜਾਬੀ) *(ਪ੍ਰ. 91 ਤੋਂ ਪ੍ਰ. 120)*
   ਭਾਗ V : ਭਾਸ਼ਾ II – (ਪੰਜਾਬੀ) *(ਪ੍ਰ. 121 ਤੋਂ ਪ੍ਰ. 150)*
7. ਭਾਗ IV ਵਿੱਚ ਭਾਸ਼ਾ I ਵਾਸਤੇ 30 ਪ੍ਰਸ਼ਨ ਅਤੇ ਭਾਗ V ਵਿੱਚ ਭਾਸ਼ਾ II ਲਈ ਵੀ 30 ਪ੍ਰਸ਼ਨ ਦਿੱਤੇ ਗਏ ਹਨ । ਇਸ ਪਰੀਖਿਆ-ਪੁਸਤਿਕਾ ਵਿੱਚ ਕੇਵਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨ ਦਿੱਤੇ ਗਏ ਹਨ । **ਅਗਰ ਭਾਸ਼ਾ I ਅਤੇ/ਜਾਂ II ਵਿੱਚ ਤੁਹਾਡੇ ਦੁਆਰਾ ਚੁਣੀ ਗਈ ਭਾਸ਼ਾ (ਵਾਂ) ਪੰਜਾਬੀ ਤੋਂ ਇਲਾਵਾ ਹੈ ਤਾਂ ਕਿਰਪਾ ਕਰਕੇ ਆਪਣੀ ਚੁਣੀ ਭਾਸ਼ਾ ਵਾਲੀ ਪਰੀਖਿਆ-ਪੁਸਤਿਕਾ ਮੰਗ ਲਓ । ਜਿਨ੍ਹਾਂ ਭਾਸ਼ਾਵਾਂ ਦੇ ਪ੍ਰਸ਼ਨਾਂ ਦੇ ਉੱਤਰ ਤੁਸੀਂ ਦੇ ਰਹੇ ਹੋ, ਉਹ ਤੁਹਾਡੇ ਆਵੇਦਨ ਪੱਤਰ ਵਿੱਚ ਚੁਣੀਆਂ ਗਈਆਂ ਭਾਸ਼ਾਵਾਂ ਹੀ ਹੋਣੀਆਂ ਚਾਹੀਦੀਆਂ ਹਨ ।**
8. **ਪਰੀਖਿਆਰਥੀ ਭਾਗ V (ਭਾਸ਼ਾ II) ਲਈ, ਭਾਸ਼ਾ ਸੂਚੀ ਵਿੱਚੋਂ ਅਜਿਹੀ ਭਾਸ਼ਾ ਚੁਣੇ ਜੋ ਉਨ੍ਹਾਂ ਦੁਆਰਾ ਚੁਣੀ ਭਾਸ਼ਾ I (ਭਾਗ IV) ਵਿੱਚ ਚੁਣੀ ਗਈ ਭਾਸ਼ਾ ਤੋਂ ਵੱਖਰੀ ਹੋਵੇ ।**
9. ਪ੍ਰਸ਼ਨ-ਪੁਸਤਿਕਾ ਵਿੱਚ ਦਿੱਤੇ ਗਏ ਕੱਚੇ ਕੰਮ ਲਈ ਖਾਲੀ ਥਾਂ ਵਿੱਚ ਹੀ ਕੱਚਾ ਕੰਮ ਕਰੋ ।
10. ਸਾਰੇ ਉੱਤਰ ਕੇਵਲ ਓ.ਐੱਮ.ਆਰ. (OMR) ਉੱਤਰ ਪੱਤਰ ਉੱਤੇ ਹੀ ਕੀਤੇ ਜਾਣ । ਆਪਣੇ ਉੱਤਰਾਂ ਤੇ ਧਿਆਨ ਨਾਲ ਨਿਸ਼ਾਨ ਲਗਾਓ । ਉੱਤਰ ਬਦਲਣ ਲਈ ਸਫ਼ੇਦ ਸਿਆਹੀ ਦੀ ਵਰਤੋਂ ਵਰਜਿਤ ਹੈ ।

ਪਰੀਖਿਆਰਥੀ ਦਾ ਨਾਂ (ਵੱਡੇ ਅਖਰਾਂ ਵਿੱਚ) : ____________________

ਰੋਲ ਨੰਬਰ : ਅੰਕਾ ਵਿੱਚ ____________________

: ਸ਼ਬਦਾਂ ਵਿੱਚ ____________________

ਪਰੀਖਿਆ ਕੇਂਦਰ (ਵੱਡੇ ਅਖਰਾਂ ਵਿੱਚ) : ____________________

ਪਰੀਖਿਆਰਥੀ ਦੇ ਦਸਖ਼ਤ : ____________ ਨਿਰੀਖਿਅਕ ਦੇ ਦਸਖਤ : ____________

Facsimile signature stamp of

Centre Superintendent : ____________________

www.prepp.in



ਉਮੀਦਵਾਰ **ਭਾਗ-IV** ਦੇ ਪ੍ਰਸ਼ਨ (ਪ੍ਰ.ਨੰ. **91-120)** ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ-I** ਚੋਣ ਕੀਤੀ ਹੈ ।

Candidates should attempt the questions from **Part-IV [Q. No. 91 – 120]**, if they have opted **PUNJABI** as **LANGUAGE – I** only.

www.prepp.in
Prepp
Your Personal Exams Guide



## ਭਾਗ – IV
## ਭਾਸ਼ਾ – I
## ਪੰਜਾਬੀ

**ਉਮੀਦਵਾਰ ਭਾਗ-IV ਦੇ ਪ੍ਰਸ਼ਨ (ਪ੍ਰ.ਨੰ. 91-120) ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ ਪੰਜਾਬੀ ਭਾਸ਼ਾ-I ਚੋਣ ਕੀਤੀ ਹੈ ।**

**ਨਿਰਦੇਸ਼ : ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (ਪ੍ਰ.ਨੰ. 91 ਤੋਂ 99) ਤੱਕ ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਉ** :

ਉਸ ਵੇਲੇ ਦੇ ਇਸਲਾਮੀ ਰਿਵਾਜ ਮੁਤਾਬਕ ਸ਼ਾਹ ਹੁਸੈਨ ਨੇ ਆਪਣੇ ਉਸਤਾਦ ਕੋਲੋਂ ਧਾਰਮਕ ਪੁਸਤਕਾਂ ਪੜ੍ਹੀਆਂ ਅਤੇ ਦਸਾਂ ਸਾਲਾਂ ਦੀ ਉਮਰ ਵਿਚ ਹੀ ਕੁਰਾਨ ਸ਼ਰੀਫ਼ ਜ਼ਬਾਨੀ ਯਾਦ ਕਰ ਲਿਆ । ਉਸ ਵੇਲੇ ਸ਼ਾਹ ਹੁਸੈਨ ਉਪਰ ਸ਼ਰਾਅ ਦਾ ਬੜਾ ਡੂੰਘਾ ਪ੍ਰਭਾਵ ਸੀ । ਉਹ ਚਨਿਓਟ ਦੇ ਸ਼ੇਖ ਬਹਿਲੋਲ ਦਾ ਮੁਰੀਦ ਬਣ ਗਿਆ । ਉਸਨੇ ਬਾਰ੍ਹਾਂ ਸਾਲ ਕਠਿਨ ਤਪਸਿਆ ਕੀਤੀ ਅਤੇ ਪੂਰੀ ਜ਼ਿੰਮੇਵਾਰੀ ਨਾਲ ਸ਼ਰੀਅਤ ਦੀ ਪਾਬੰਦੀ ਵਿਚ ਜੀਵਨ ਗੁਜ਼ਾਰਿਆ । ਪਰ ਉਹ ਬਹੁਤ ਚਿਰ ਸ਼ਰਾਅ ਦੀਆਂ ਜਕੜਬੰਦੀਆਂ ਦਾ ਪਾਬੰਦ ਨਾ ਰਹਿ ਸਕਿਆ । ਉਸ ਦੇ ਆਜ਼ਾਦ ਦਿਲ ਲਈ ਸ਼ਰਈ ਪਾਬੰਦੀਆਂ ਹੁਣ ਕੜੀਆਂ ਜ਼ੰਜੀਰਾਂ ਜਾਪਣ ਲਗ ਪਈਆਂ ਸਨ, ਜਿਹਨਾਂ ਨੂੰ ਤੋੜ ਕੇ ਉਹ ਆਜ਼ਾਦ ਹੋ ਜਾਣਾ ਚਾਹੁੰਦਾ ਸੀ ਅਤੇ ਇਨਸਾਨੀਅਤ ਦੀ ਪਗਡੰਡੀ ਤੇ ਚਲ ਕੇ ਮੰਜ਼ਲੇ-ਮੰਕਸੂਦ ਤਕ ਪਹੁੰਚਣਾ ਲੋੜਦਾ ਸੀ । ਉਹ ਜੀਵਨ ਦੇ ਡੂੰਘੇ ਰਹੱਸਾਂ ਨੂੰ ਸਮਝ ਕੇ ਅਸਲੀ ਇਨਸਾਨ ਦਾ ਜੀਵਨ ਬਤੀਤ ਕਰਨਾ ਚਾਹੁੰਦਾ ਸੀ ਤਾਂ ਕਿ ਉਹ ਆਪਣੀ ਜ਼ਿੰਦਗੀ ਲੋਕ ਸੇਵਾ ਵਿਚ ਗੁਜ਼ਾਰ ਸਕੇ । ਇਸ ਭਾਵਨਾ ਨੂੰ ਮੁੱਖ ਰਖਦਿਆਂ ਉਹ ਪੀਰ ਅਬਦੁੱਲਾ ਦੇ ਦਰਬਾਰ ਵਿਚ ਜਾ ਹਾਜ਼ਰ ਹੋਇਆ । ਪੀਰ ਸਾਹਿਬ ਉਸ ਵੇਲੇ ਦੇ ਪ੍ਰਸਿੱਧ ਵਿਦਵਾਨਾਂ ਚੋਂ ਸਨ ਜੋ ਕੁਰਾਨ ਸ਼ਰੀਫ ਦੀ ਸਹੀ ਤਫਸੀਰ (ਵਿਆਖਿਆ) ਕਰ ਸਕਦੇ ਸਨ । ਪੀਰ ਜੀ ਦੇ ਉਪਦੇਸ਼ ਤੇ ਤਾਲੀਮ ਦਾ ਸ਼ਾਹ ਹੁਸੈਨ ਤੇ ਡੂੰਘਾ ਪ੍ਰਭਾਵ ਪਿਆ । ਕਹਿੰਦੇ ਹਨ ਕਿ ਕੁਰਾਨ ਸ਼ਰੀਫ਼ ਦੀ ਇਕ ਆਯਤ ਦਾ ਉਸਦੇ ਮਨ ਤੇ ਅਜਿਹਾ ਗਹਿਰਾ ਅਸਰ ਪਿਆ ਕਿ ਉਹਦੀ ਜੀਵਨ ਧਾਰਾ ਹੀ ਬਦਲ ਗਈ ਅਤੇ ਉਹਨੇ ਮੁੱਲਾਂ ਦਾ ਜੀਵਨ ਤਿਆਗ, ਸ਼ਰੀਅਤ ਦੀਆਂ ਬੰਦਸ਼ਾਂ ਤੋੜ ਸਾਧੂਆਂ ਵਾਲੇ ਗੇਰੂ ਰੰਗ ਦੇ ਵਸਤਰ ਧਾਰਨ ਕਰ ਲਏ ਅਤੇ ਸਾਰੀ ਉਮਰ ਇਸ ਪਹਿਰਾਵੇ ਵਿਚ ਹੀ ਗੁਜ਼ਾਰ ਦਿੱਤੀ । ਲੋਕੀ ਹੁਣ ਉਸ ਨੂੰ ਸ਼ਾਹ ਹੁਸੈਨ ਤੋਂ ਲਾਲ ਹੁਸੈਨ ਦੇ ਨਾਮ ਨਾਲ ਪੁਕਾਰਨ ਲਗ ਪਏ ਸਨ । ਹੁਣ ਉਹ ਇਕ ਆਜ਼ਾਦ ਕਲੰਦਰ ਫ਼ਕੀਰ ਬਣ ਗਿਆ ਸੀ, ਉਸਨੇ ਆਪਣਾ ਸਿਰ ਦਾੜ੍ਹੀ ਤੇ ਮੁੱਛਾਂ ਸਾਫ ਕਰਵਾ ਦਿੱਤੀਆਂ ਸਨ । ਇਹ ਸ਼ਰੀਅਤ ਦੇ ਵਿਰੁੱਧ ਇਕ ਨਵਾਂ ਪ੍ਰਤੀਕਰਮ ਸੀ । ਉਹ ਨਾ ਕੇਵਲ ਸ਼ਰਾਅ ਦੀਆਂ ਹੱਦ-ਬੰਦੀਆਂ ਨੂੰ ਉਲਾਂਘ ਗਿਆ ਸੀ, ਬਲਕਿ ਉਹਨੇ ਦੁਨੀਆਂ ਦੇ ਸੁੱਖਾਂ ਪਦਾਰਥਾਂ ਵਲੋਂ ਵੀ ਮੁਖ ਮੋੜ ਲਿਆ ਸੀ ।

**91. ਸ਼ਾਹ ਹੁਸੈਨ ਉਪਰ ਮਗਰੋਂ ਕਿਸ ਦਾ ਵਧਰੈ ਪ੍ਰਭਾਵ ਪਿਆ ?**

(1) ਸ਼ਹਿਨਸ਼ਾਹਾ ਦਾ

(2) ਪਦਾਰਥਾਂ ਦਾ

(3) ਮੁੱਲਾਂ ਦਾ

(4) ਪੀਰ ਦੇ ਉਪਦੇਸ਼ ਤੇ ਤਾਲੀਮ ਦਾ

**92. ਸ਼ਾਹ ਹੁਸੈਨ ਨੇ ਕਿਹੜੇ ਰੰਗ ਦੇ ਕੱਪੜੇ ਪਾ ਲਏ ਸਨ ?**

(1) ਗੇਰੂ ਰੰਗ ਦੇ

(2) ਕਾਲੇ ਰੰਗ ਦੇ

(3) ਨੀਲੇ ਰੰਗ ਦੇ

(4) ਹਰੇ ਰੰਗ ਦੇ

www.prepp.in



93. ਲੋਕ ਸ਼ਾਹ ਹੁਸੈਨ ਨੂੰ ਕਿਹੜੇ ਨਾਂ ਨਾਲ ਪੁਕਾਰਨ ਲੱਗ ਪਏ ਸਨ ?

(1) ਸ਼ੇਖ਼ ਬਹਿਲੋਲ

(2) ਲਾਲ ਹੁਸੈਨ

(3) ਪੀਰ ਅਬਦੁੱਲਾ

(4) ਚਨਿਓਟ

94. ਸ਼ਾਹ ਹੁਸੈਨ ਆਜ਼ਾਦ ਕਿਵੇਂ ਬਣਿਆਂ ?

(1) ਕਠਿਨ ਤਪੱਸਿਆ ਕਰਕੇ

(2) ਬਾਦਸ਼ਾਹਾਂ ਦੀ ਗੁਲਾਮੀ ਕਰਕੇ

(3) ਸ਼ਰੀਅਤ ਦਾ ਪਾਲਣ ਕਰਕੇ

(4) ਸ਼ਰੀਅਤ ਦੀਆਂ ਬੰਦਸ਼ਾਂ ਤੋੜ ਕੇ

95. ਸ਼ਾਹ ਹੁਸੈਨ ਨੇ ਸ਼ਰੀਅਤ ਦੇ ਵਿਰੁੱਧ ਨਵੀ ਬਗਾਵਤ ਕਿਵੇਂ ਕੀਤੀ ?

(1) ਕੁਰਾਨ ਸ਼ਰੀਫ਼ ਜ਼ਬਾਨੀ ਯਾਦ ਕਰਕੇ

(2) ਦਾੜ੍ਹੀ ਤੇ ਮੁੱਛਾਂ ਸਾਫ਼ ਕਰਵਾ ਕੇ

(3) ਉਸਤਾਦ ਕੋਲੋ ਸਿੱਖਿਆ ਲੈ ਕੇ

(4) ਕਠਿਨ ਤਪੱਸਿਆ ਕਰਕੇ

96. 'ਪਾਬੰਦ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ :

(1) ਗੁਲਾਮ

(2) ਅਧੀਨ

(3) ਆਜ਼ਾਦ

(4) ਕਠਿਨ

97. ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਚੁਣੋ :

(1) ਸ਼ਾਹ ਹੁਸੈਨ ਤੇ ਸ਼ਰੀਅਤ

(2) ਹੱਦ-ਬੰਦੀਆਂ

(3) ਪੀਰ ਸਾਹਿਬ

(4) ਸ਼ੇਖ਼ ਬਹਿਲੋਲ

98. ਹੇਠ ਲਿਖਿਆਂ ਵਿਚੋਂ ਸਮਾਸੀ ਸ਼ਬਦ ਕਿਹੜਾ ਹੈ ?

(1) ਸੁੱਖਾਂ-ਪਦਾਰਥਾਂ

(2) ਦਾੜੀ ਤੇ ਮੁੱਛਾਂ

(3) ਹੱਦ-ਬੰਦੀਆਂ

(4) ਕੁਰਾਨ ਸ਼ਰੀਫ

99. ਦਸਾਂ ਸਾਲਾ ਦੀ ਉਮਰ ਵਿਚ ਸ਼ਾਹ ਹੁਸੈਨ ਦੀ ਪ੍ਰਾਪਤੀ ਕਿਹੜੀ ਹੈ ?

(1) ਵਿਆਹ ਕਰਵਾਉਣਾ

(2) ਗੁਰੂ ਗ੍ਰੰਥ ਸਾਹਿਬ ਪੜ੍ਹ ਲੈਣਾ

(3) ਕੁਰਾਨ ਸ਼ਰੀਫ਼ ਜ਼ੁਬਾਨੀ ਯਾਦ ਕਰਨਾ

(4) ਉਸਤਾਦ ਨੂੰ ਮਾਤ ਦੇ ਦਿੱਤੀ

**ਹੇਠਾਂ ਦਿੱਤੀ ਕਾਵਿ-ਟੁੱਕੜੀ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (ਪ੍ਰ.ਨੰ. 100 ਤੋਂ 105) ਤੱਕ ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ :**

ਖਨਗਾਹੀ ਦੀਵਾ ਬਾਲਦੀਏ,
ਕੀ ਲੋਚਦੀਏ ? ਕੀ ਭਾਲਦੀਏ ?
ਕੀ ਰੁਸ ਗਿਆ ਤੇਰਾ ਢੋਲ ਕੁੜੇ ?
ਯਾ ਸਖਣੀ ਤੇਰੀ ਝੋਲ ਕੁੜੇ ?
ਯਾ ਸਰਘੀ ਵੇਲੇ ਤੱਕਿਆ ਈ
ਕੋਈ ਡਾਢਾ ਭੈੜਾ ਸੁਫ਼ਨਾ ਨੀ ?
ਜੋ ਕਰਦੀ ਮਾਰੋ ਮਾਰ ਕੁੜੇ
ਤੂੰ ਪਹੁੰਚੀ ਵਿਚ ਉਜਾੜ ਕੁੜੇ ।

ਸਿਰ ਉੱਤੇ ਤੇਰੇ ਉਲਰ ਰਹੀ
ਇਕ ਬੁੱਢ-ਪੁਰਾਣੀ ਬੇਰ ਜਹੀ,
ਜਿਸ ਦੇ ਕੰਡਿਆਂ ਵਿਚ ਫਸ ਰਹੀਆਂ
ਕੁਝ ਲੀਰਾਂ ਵੱਛੇ-ਚਾਪ ਜਹੀਆਂ ;
ਤੇ ਪੈਰਾਂ ਦੇ ਵਿਚ ਸ਼ਾਂਤ ਪਿਆ
ਇਕ ਢੇਰ ਗੀਟਿਆਂ ਪੱਥਰਾਂ ਦਾ ।

100. **ਕਵੀ ਨੇ ਇਸ ਕਵਿਤਾ ਵਿਚ ਕਿਹੜੀ ਵਿਧੀ ਦੀ ਵਰਤੋਂ ਕੀਤੀ ਹੈ ?**

(1) ਉਤਰ ਦੇਣ ਦੀ ਵਿਧੀ
(2) ਲੰਮੀ ਕਵਿਤਾ ਲਿਖਣ ਦੀ ਵਿਧੀ
(3) ਹਾਸ ਰਸੀ ਵਿਧੀ
(4) ਪ੍ਰਸ਼ਨ ਵਿਧੀ

101. **'ਲੀਰਾਂ' ਗੀਟੇ ਤੇ ਪੱਧਰ ਕਿਸ ਦੇ ਪ੍ਰਤੀਕ ਹਨ ?**

(1) ਸ਼ੁਭ ਸਗਨ ਦੇ
(2) ਮੁਟਿਆਰ ਦੇ ਹਾਰ-ਸ਼ਿੰਗਾਰ ਦੇ
(3) ਵਹਿਮ-ਭਰਮ ਦੇ
(4) ਮਾੜੇ ਸੁਫ਼ਨੇ ਦੇ

102. **ਇਸ ਕਵਿਤਾ ਵਿਚ ਕਿਹੋ ਜਿਹਾ ਭਾਵ ਉਪਜਦਾ ਹੈ ?**

(1) ਤਨਾਓ ਵਾਲਾ
(2) ਹਾਸ ਰਸੀ
(3) ਸੰਤੁਸ਼ਟੀ ਵਾਲਾ
(4) ਖੁਸ਼ ਗਵਾਰ

www.prepp.in



**103. ਇਸ ਕਾਵਿ–ਟੁੱਕੜੀ ਦਾ ਸਿਰਲੇਖ ਚੁਣੋ**

(1) ਢੋਲ

(2) ਮੁੜਨਾ

(3) ਸਰਘੀ ਵੇਲੇ

(4) ਖ਼ਨਗਾਹੀ ਦੀਵਾ ਬਾਲਦੀਏ

**104. 'ਉਜਾੜ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ**

(1) ਸੁੰਨਸਾਨ

(2) ਆਬਾਦ

(3) ਸੱਖਣਾ

(4) ਭੈੜਾ

**105. ਖ਼ਨਗਾਹ ਉੱਪਰ ਦੀਵਾ ਕੌਣ ਬਾਲ ਰਿਹਾ ਹੈ ?**

(1) ਬਜ਼ੁਰਗ ਔਰਤ

(2) ਮੁਟਿਆਰ

(3) ਕਵੀ ਮੋਹਨ ਸਿੰਘ

(4) ਢੋਲ

**106. ਮਾਂ–ਬੋਲੀ ਆਧਾਰਿਤ ਬਹੁ ਭਾਸ਼ਾਵਾਦ ਕੀ ਹੈ ?**

(1) ਸਿਰਫ਼ ਮਾਂ–ਬੋਲੀ ਦੀ ਸਿਖਲਾਈ

(2) ਮਾਂ–ਬੋਲੀ ਰਾਹੀਂ ਸਿਖਲਾਈ

(3) ਪਹਿਲਾਂ ਮਾਂ–ਬੋਲੀ ਸਿੱਖ ਕੇ ਹੋਲੀ–ਹੋਲੀ ਹੋਰ ਭਾਸ਼ਾਵਾਂ ਸਿੱਖਣੀਆਂ

(4) ਬਹੁਤ ਸਾਰੀਆਂ ਭਾਸ਼ਾਵਾਂ ਅਤੇ ਵਿਦੇਸ਼ੀ ਭਾਸ਼ਾਵਾਂ ਨੂੰ ਮਾਂ–ਬੋਲੀ ਵਜੋ ਸਿੱਖਣਾ

**107. ਸਕੂਲ ਸਿੱਖਿਆ ਨੀਤੀ ਵਿਚ ਭਾਸ਼ਾ ______ ਵਜੋਂ ਜਾਣੀ ਜਾਂਦੀ ਹੈ।**

(1) ਬਹੁ–ਭਾਸ਼ੀ ਸਿੱਖਿਆ

(2) ਸਿੱਖਿਆ ਵਿਚ ਭਾਸ਼ਾ

(3) ਮਾਂ–ਬੋਲੀ ਆਧਾਰਿਤ ਬਹੁ–ਭਾਸ਼ਾਵਾਦ

(4) ਤ੍ਰੈ–ਭਾਸ਼ੀ ਫਾਰਮੂਲਾ

**108. ਸੰਪੂਰਨ ਭਾਸ਼ਾਈ ਪਹੁੰਚ ਹੈ _____**

(1) ਇਕ ਧਾਰਣਾ ਕਿ ਸਿਖਿਆਰਥੀ ਇਕ ਭਾਸ਼ਾ ਨੂੰ ਅੱਖਰਾਂ ਅਤੇ ਧੁਨੀਆਂ ਤੋਂ ਸ਼ਬਦਾਂ, ਵਾਕਾਂਸ਼ਾਂ ਅਤੇ ਫਿਰ ਵਾਕਾਂ ਦੁਆਰਾ ਸਿੱਖਦੇ ਹਨ।

(2) ਇਕ ਧਾਰਣਾ ਕਿ ਸਿਖਿਆਰਥੀ ਭਾਸ਼ਾ ਦੇ ਹਿੱਸਿਆਂ ਤੋਂ ਭਾਸ਼ਾ ਸਿੱਖਦੇ ਹਨ ਅਤੇ ਧੁਨੀਆਂ ਤੇ ਅੱਖਰਾਂ ਵਰਗੀਆਂ ਛੋਟੀਆਂ ਇਕਾਈਆਂ ਨੂੰ ਸਮਝਦੇ ਹਨ।

(3) ਇਕ ਧਾਰਣਾ ਕਿ ਭਾਸ਼ਾ ਦੀ ਸਿਖਲਾਈ ਛੋਟੀ ਤੋਂ ਛੋਟੀ ਇਕਾਈ ਵਰਣਮਾਲਾ ਦੇ ਅੱਖਰਾਂ ਤੋਂ ਸ਼ੁਰੂ ਹੁੰਦੀ ਹੈ।

(4) ਇਕ ਧਾਰਣਾ ਕਿ ਸਾਰੀਆਂ ਭਾਸ਼ਾਵਾਂ ਇਕੋ ਤਰੀਕੇ ਨਾਲ ਸਿੱਖੀਆਂ ਜਾਂਦੀਆਂ ਹਨ।

www.prepp.in



**109. ਭਾਸ਼ਾ ਪੜ੍ਹਾਉਣ ਦੀ ਕਿਹੜੀ ਪਹੁੰਚ ਨੂੰ ਭਾਸ਼ਾ ਸਿਖਲਾਈ ਦੇ ਇਕ ਪਹਿਲੂ Memorisation ਵਜੋਂ ਮਾਨਤਾ ਦਿੱਤੀ ਜਾਂਦੀ ਹੈ ?**

(1) ਸੰਰਚਨਾਤਮਕ ਪਹੁੰਚ

(2) ਵਿਆਕਰਣਕ ਅਨੁਵਾਦ ਦਾ ਢੰਗ

(3) ਸੰਚਾਰੀ ਪਹੁੰਚ

(4) ਸੰਪੂਰਨ ਸਰੀਰਕ ਪ੍ਰਤੀਕਿਰਿਆ

**110. ਕਵਿਤਾ ਭਾਸ਼ਾ ਦੀ ਅਧਿਆਪਿਕਾ ਹੈ । ਉਹ ਆਪਣੇ ਸਿਖਿਆਰਥੀਆਂ ਨੂੰ ਵੱਖੋ-ਵੱਖਰੇ ਵਿਸ਼ਿਆਂ ਅਨੁਸਾਰ ਸ਼ਬਦ ਚੁਣਨ ਲਈ ਆਖਦੀ ਹੈ ਅਤੇ ਅਜਿਹੇ ਸ਼ਬਦ ਮਹੱਈਆ ਕਰਨੀ ਹੈ (ਜੋ ਸ਼ਬਦ ਦੇ ਅਗੇ ਜਾਂ ਪਿੱਛੇ ਲੱਗ ਸਕਦੇ ਹਨ) ਇਸ ਵਿਧੀ ਨੂੰ ਕੀ ਨਾਂ ਦਿੱਤਾ ਜਾਵੇਗਾ ?**

(1) ਤਰਤੀਬ / ਕ੍ਰਮ

(2) ਸ਼ਬਦ-ਜਾਲ

(3) ਸ਼ਬਦ-ਖੇਡ

(4) ਸ਼ਬਦ-ਬਣਤਰ

**111. ਇਕ ਅਧਿਆਪਕ ਆਪਣੇ ਸਿਖਿਆਰਥੀਆਂ ਦੀ ਭਾਸ਼ਾਈ ਸਮਰੱਥਾ ਦੀ ਪਰਖ ਕਰਨ ਲਈ ਇਕ ਪ੍ਰਸ਼ਨ ਦਿੰਦਾ ਹੈ । ਉਹ ਪੈਰੇ ਵਿਚ ਹਰ ਪੰਜਵਾਂ ਸ਼ਬਦ ਛੱਡ ਕੇ ਉਨ੍ਹਾਂ ਨੂੰ ਛੁੱਟ ਗਿਆ ਸ਼ਬਦ ਪੂਰਾ ਕਰਨ ਲਈ ਕਹਿੰਦਾ ਹੈ । ਪਰਖ ਦੇ ਇਸ ਤਰੀਕੇ ਨੂੰ ਕੀ ਕਿਹਾ ਜਾਂਦਾ ਹੈ ?**

(1) ਪੜ੍ਹਨ ਦੀ ਸੂਝਬੂਝ

(2) ਸ਼ਬਦਾਵਲੀ ਦੀ ਪਰਖ

(3) ਖਾਲੀ ਥਾਵਾਂ ਭਰਨੀਆਂ

(4) ਕਲੋਜ਼ ਟੈਸਟ

**112. ਬੋਲਦੇ ਸਮੇਂ ਠੀਕ ਉਚਾਰਨ ਨਾਲ ਯੋਗ ਕ੍ਰਮ ਵਿਚ ਠੀਕ ਸ਼ਬਦਾਂ ਦੀ ਵਰਤੋਂ ਹੈ _____**

(1) ਬੌਡੀ ਲੈਂਗੁਏਜ਼

(2) ਬੋਲਣ ਦਾ ਯੰਤਰ ਵਿਗਿਆਨ

(3) ਭਾਸ਼ਾਈ ਕਾਰਜ

(4) ਵਰਤੋਂ ਵਿਚ ਭਾਸ਼ਾ

**113. ਕਹਾਣੀ ਸੁਣਾਉਣ ਨੂੰ ਇਕ ਗਿਆਨ ਦੇ ਸੰਦ ਵਜੋਂ ਕਦੋਂ ਵਿਰਤਿਆ ਜਾਂਦਾ ਹੈ :**

(1) ਸੁਣਨ ਗਤੀਵਿਧੀ ਵਿਚ ਬੱਚਿਆਂ ਨੂੰ ਰੁਝਾਉਣ ਲਈ

(2) ਬੱਚਿਆਂ ਦੇ ਸੁਣਨ ਕੌਸ਼ਲ ਦੇ ਵਿਕਾਸ ਲਈ

(3) ਭਾਸ਼ਾ ਅਤੇ ਗਿਆਨ ਕੌਸ਼ਲਾਂ ਦੇ ਵਿਕਾਸ ਲਈ

(4) ਕਲਾਸ ਵਿਚ ਅਨੁਸ਼ਾਸਨ ਬਣਾਉਣ ਲਈ

**114. ਪ੍ਰਸੰਗ ਵਿਚ ਵਿਆਕਰਨ ਦਾ ਅਰਥ ਹੈ**

(1) ਡਰਿੱਲ ਤੇ ਅਭਿਆਸ ਰਾਹੀਂ ਵਿਆਕਰਨ ਸਿੱਖਣੀ

(2) ਪਹਿਲਾਂ ਰੂਪ ਨੂੰ ਸਿੱਖ ਕੇ ਕਾਰਜ ਵੱਲ ਜਾਣਾ

(3) ਪ੍ਰਕਿਰਤਕ ਭਾਸ਼ਾ ਦੀਆਂ ਉਦਾਹਰਨਾਂ ਤੋਂ ਸਿਖਲਾਈ ਲੈਣੀ ਜਿਨ੍ਹਾਂ ਵਿਚ ਇਨ੍ਹਾਂ ਦੇ ਰੂਪ ਦਾ ਧਿਆਨ ਰੱਖ ਦੇ ਸੰਦਰਭ ਵਿਚ ਪੜ੍ਹਾਈ ਕੀਤੀ ਜਾਂਦੀ ਹੈ ।

(4) ਸੰਗਠਤ ਢੰਗ ਨਾਲ ਰੂਪ ਦੀ ਸਿਖਲਾਈ ਜਿਸ ਵਿਚ ਸਿਖਿਆਰਥੀ ਪੜਾਅ ਵਾਰ ਵਿਕਾਸ ਵੱਲ ਵਧਦਾ ਹੈ ।

www.prepp.in

Prepp
Your Personal Exams Guide



**115. ਹੇਠ ਲਿਖਿਆਂ ਵਿਚੋਂ ਕਿਹੜਾ ਲਿਖਣ ਕੌਸ਼ਲ ਦਾ ਅਧਿਐਨ ਨਹੀਂ ਹੈ ?**

(1) ਲੈਕਚਰਾਂ ਤੋਂ ਨੋਟ ਕਰਨਾ

(2) ਪੜ੍ਹਦੇ ਸਮੇ ਨੋਟ ਕਰਨਾ

(3) ਸਾਰ ਲਿਖਣਾ

(4) ਇਕ ਪ੍ਰੋਗਰਾਮ ਲਈ ਕਾਰਜਸੂਚੀ ਤਿਆਰ ਕਰਨੀ

**116. ਪਾਠ-ਪੁਸਤਕਾਂ ਦੇ ਲੇਖਕ ਹਮੇਸ਼ਾਂ ਅਸਲੀ ਲੇਖਕਾਂ ਵੱਲੋਂ ਲਿਖੇ ਪਾਠ, ਕਵਿਤਾਵਾਂ ਅਤੇ ਬਿਰਤਾਂਤ ਅਤੇ ਅਖ਼ਬਾਰਾਂ ਤੇ ਰਸਾਲਿਆਂ ਆਦਿ ਵਿਚੋਂ ਮੌਲਿਕ ਲਿਖਤਾਂ ਸ਼ਾਮਲ ਕਰ ਲੈਂਦੇ ਹਨ। ਕਿਉਂਕਿ**

(1) ਉਹ ਪ੍ਰਮਾਣਿਕ ਤੇ ਪ੍ਰਕਿਰਤਕ ਭਾਸ਼ਾਵਾਂ ਹੁੰਦੀਆਂ ਹਨ।

(2) ਪਾਠ-ਪੁਸਤਕਾਂ ਦੇ ਲੇਖਕ ਉਨ੍ਹਾਂ ਨੂੰ ਪਸੰਦ ਕਰਦੇ ਹਨ।

(3) ਅਭਿਆਸ ਦੇ ਨਮੂਨੇ ਲਈ ਉਹ ਵਰਤੋਯੋਗ ਹੁੰਦੇ ਹਨ।

(4) ਉਹ ਪੜ੍ਹਤ ਲਈ ਢੁੱਕਵੇਂ ਹੁੰਦੇ ਹਨ।

**117. ਹੇਠ ਲਿਖਿਆ ਕਾਰਜ ਕਿਹੜਾ ਹੈ ?**

**ਅਧਿਆਪਕ ਆਪਣੀ ਗਤੀ ਅਨੁਸਾਰ ਪਾਠ ਪੜ੍ਹਦਾ ਹੈ ਅਤੇ ਸਮੂਹਾਂ ਵਿਚ ਸਿਖਿਆਰਥੀ ਨੁਕਤੇ ਨੋਟ ਕਰਕੇ ਪਾਠ ਦੀ ਪੁਨਰ-ਉਸਾਰੀ ਕਰਦੇ ਹਨ।**

(1) ਉੱਚੀ ਬੋਲ ਕੇ ਲਿਖਵਾਉਣਾ

(2) ਵਿਆਕਰਨ ਡਿਕਟੇਸ਼ਨ

(3) ਦੁਬਾਰਾ ਲਿਖਣ ਦਾ ਕਾਰਜ

(4) ਆਪਸ ਵਿਚ ਬੋਲ ਕੇ ਲਿਖਵਾਉਣਾ

**118. ਭਾਸ਼ਾ ਦੇ ਪਹਿਲੇ ਵਿਕਾਸ ਨੂੰ ਆਮ ਤੌਰ 'ਤੇ ਕਿਹਾ ਜਾਂਦਾ ਹੈ**

(1) ਸਿੱਖਿਆ

(2) ਪ੍ਰਾਪਤੀ

(3) ਵਿਕਾਸ

(4) ਬੋਧ / ਸੰਗਿਆਨ

**119. ਪਹਿਲੀ ਜਮਾਤ ਦੇ ਇਕ ਅਧਿਆਪਕ ਕੋਲ ਅਜਿਹੇ ਬੱਚੇ / ਸਿਖਿਆਰਥੀ ਹਨ, ਜਿਨ੍ਹਾਂ ਦੀ ਮਾਂ-ਬੋਲੀ ਵੱਖੋ-ਵੱਖਰੀ ਹੈ। ਉਹ ਆਪਣੇ ਸਿਖਿਆਰਥੀਆਂ ਨੂੰ ਜਮਾਤ ਵਿਚ ਵਾਰੀ-ਵਾਰੀ ਸਾਰੀਆਂ ਭਾਸ਼ਾਵਾਂ ਵਿਚ ਨਮਸਕਾਰ ਬੁਲਾਉਣ ਲਈ ਕਹਿੰਦਾ ਹੈ। ਸਿਖਿਆਰਥੀ ਰੁਜ਼ਾਨਾ ਵੱਖ-ਵੱਖ ਭਾਸ਼ਾਵਾਂ ਦੇ ਕੁੱਝ ਸ਼ਬਦਾਂ ਦੇ ਜਾਣੂ ਹੋਣ ਦੀ ਕੋਸ਼ਿਸ਼ ਕਰਦੇ ਹਨ। ਅਧਿਆਪਕ ਇਨ੍ਹਾਂ ਵਿਚੋਂ ਕਿਹੜਾ ਢੰਗ ਅਪਣਾਉਂਦਾ ਹੈ ?**

(1) ਇਕ ਸਾਧਨ ਵਜੋਂ ਬਹੁ ਭਾਸ਼ਾਵਾਦ

(2) ਪੋਲੀਗਲੋਟਇਜ਼ਮ

(3) ਇਕ ਤਰੀਕੇ ਵਜੋਂ ਵਿਭਿੰਨਤਾ

(4) ਇਕ ਭਾਸ਼ਾਵਾਦ

**120. ਹੇਠ ਲਿਖਿਆਂ ਵਿਚੋਂ ਕਿਹੜਾ ਤਰੀਕਾ ਸਿਖਿਆਰਥੀਆਂ ਨੂੰ ਭਾਸ਼ਾ ਤੋਂ ਜਾਣੂ ਕਰਾਉਣ ਲਈ ਪ੍ਰਮਾਣਿਕ ਨਹੀਂ ਹੈ ?**

(1) ਤੁਕਬੰਦੀ ਜਾਂ ਗੀਤਾਂ ਰਾਹੀਂ

(2) ਸ਼ਬਦਾਂ ਅਤੇ ਛੋਟੇ ਵਾਕਾਂ ਦੀ ਵਰਤੋਂ ਰਾਹੀਂ

(3) ਵਰਣਮਾਲਾ ਦੇ ਅੱਖਰਾਂ ਨੂੰ ਪੜ੍ਹਾਉਣ ਰਾਹੀਂ

(4) ਬੋਲਣ ਅਤੇ ਸੁਣਨ ਦੀ ਪ੍ਰਕਿਰਿਆ ਰਾਹੀਂ

ਉਮੀਦਵਾਰ **ਭਾਗ-V** (ਪ੍ਰ.ਨੰ. **121-150)** ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ** ਨੂੰ **ਭਾਸ਼ਾ–II** ਵਜੋਂ ਚੁਣਿਆ ਹੈ ।

Candidates should attempt the questions from **Part-V [Q.No. 121 – 150],** if they have opted **PUNJABI** as **LANGUAGE – II** only.

www.prepp.in
Prepp
Your Personal Exams Guide



## ਭਾਗ – V

## ਭਾਸ਼ਾ – II

## ਪੰਜਾਬੀ

**ਉਮੀਦਵਾਰ ਭਾਗ-V (ਪ੍ਰ.ਨੰ. 121-150) ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ ਪੰਜਾਬੀ ਨੂੰ ਭਾਸ਼ਾ-II ਵਜੋਂ ਚੁਣਿਆ ਹੈ ।**

**ਨਿਰਦੇਸ਼ : ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (ਪ੍ਰ. ਨੰ. 121 ਤੋਂ 128) ਤੱਕ ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ :**

ਕੈਦੋਂ ਹੀਰ ਦੀ ਸ਼ਿਕਾਇਤ ਲਾਉਂਦਾ ਹੈ । ਚੂਚਕ ਦਾ ਆਪਣੀ ਧੀ ਨਾਲ ਕੁਦਰਤੀ ਪਿਆਰ ਹੈ । ਉਸ ਤੇ ਇਤਬਾਰ ਹੈ । ਉਸ ਨੂੰ ਯਕੀਨ ਨਹੀਂ ਆਉਂਦਾ । ਕੈਦੋਂ ਅੱਖੀਂ ਦਿਖਾ ਦੇਂਦਾ ਹੈ । ਸ਼ਿਕਾਇਤ ਸੱਚੀ ਹੈ, ਚੂਚਕ ਮੰਨ ਲੈਂਦਾ ਹੈ । ਚੂਚਕ ਦੇ ਦਿਲ ਵਿਚ ਨਜ਼ਾਮ ਦੀ ਤੋਰ ਨੇ ਆਪਸ ਵਿਚ ਵਰੋਧੀ ਪ੍ਰੇਰਨਾਵਾਂ ਪਾਈਆਂ ਹੋਈਆਂ ਹਨ । ਬਤੌਰ ਬਾਪ ਉਹ ਹੀਰ ਨੂੰ ਬਾਇੱਜ਼ਤ ਤੇ ਸੁਖੀ ਵੇਖਣਾ ਚਾਹੁੰਦਾ ਹੈ । ਦੂਸਰੇ ਪਾਸੇ ਬਤੌਰ ਜਮਾਤੀ ਸਮਾਜ ਦੇ ਉਪਰਲੇ ਤਬਕੇ ਦੇ ਮੈਂਬਰ ਦੇ, ਉਹ ਸਾਮਾਜਿਕ ਕੀਮਤਾਂ ਤੋਂ ਪ੍ਰੇਰਿਤ ਹੈ ਕਿ ਕੁਆਰੀ ਦਾ ਦੋਸਤੀ ਲਾਉਣਾ ਗੁਨਾਹ ਹੈ, ਸਮਾਜ ਵਿਚ ਹੀਣਤਾ ਹੈ । ਹਾਲਾਤ ਉਸ ਨੂੰ ਕੁੜਿੱਕੀ ਵਿਚ ਪਾ ਰਹੇ ਹਨ । ਹੀਰ ਨੂੰ ਰਾਂਝੇ ਤੋਂ ਹਟਾਉਣ ਦੀ ਕੋਸ਼ਿਸ਼ ਕਰਦਾ ਹੈ । ਉਹ ਹਟਦੀ ਨਹੀਂ । ਗਲ ਮੁਸ਼ਕਲ ਹੋ ਜਾਂਦੀ ਹੈ । ਚੂਚਕ ਬਤੌਰ ਬਾਪ ਆਪਣੀ ਬੱਚੀ ਵਾਸਤੇ ਪਿਆਰ ਦੇ ਇਸ਼ਕ ਨੂੰ ਵੀ ਕਿਸੇ ਹੱਦ ਤੱਕ ਸਮੋ ਲੈਣ ਨੂੰ ਤਿਆਰ ਹੋ ਜਾਂਦਾ ਹੈ । ਰਾਂਝੇ ਨਾਲ ਵਿਆਹੁਣ ਬਾਬਤ ਪੈਂਚਾਂ ਨਾਲ ਗੱਲ ਹਿਲਾਉਂਦਾ ਹੈ । ਉਹ ਸਿਆਲਾਂ ਦੀਆਂ ਜਾਈਆਂ, ਆਇਆਂ ਗੋਲਿਆਂ ਨੂੰ ਵਿਆਹੁਣੋ ਇਨਕਾਰ ਕਰ ਦੇਂਦੇ ਹਨ । ਬਤੌਰ ਪਿਉ ਚੂਚਕ ਹਾਰ ਜਾਂਦਾ ਹੈ । ਬਤੌਰ ਜਮਾਤੀ ਸਮਾਜ ਦੇ ਵਫ਼ਾਦਾਰ ਮੈਂਬਰ ਦੇ ਹੀਰ ਦੇ ਇਸ਼ਕ ਦਾ ਦੁਸ਼ਮਣ ਬਣ ਜਾਂਦਾ ਹੈ । ਖੇੜੇ ਸਦ ਲੈਂਦਾ ਹੈ । ਕਾਜ਼ੀ ਨੂੰ ਵੱਢੀ ਦੇ ਕੇ ਨਿਕਾਹ ਪੜ੍ਹਵਾ ਦੇਂਦਾ ਹੈ । ਨਜ਼ਾਮ ਦੀ ਤੋਰ ਪਿਉ ਕੋਲੋਂ ਆਪਣੀ ਧੀ ਤੇ ਜਬਰ ਕਰਵਾ ਦੇਂਦੀ ਹੈ । ਅੰਤ ਨੂੰ ਉਸ ਦੇ ਹਥੋਂ ਹੀ ਮਰਵਾ ਦੇਂਦੀ ਹੈ ।

**121. ਚੂਚਕ ਦੇ ਦਿਲ ਵਿਚ ਕਿਸ ਨੇ ਵਿਰੋਧੀ ਪ੍ਰੇਰਣਾਵਾਂ ਦਾਖ਼ਲ ਕੀਤੀਆਂ ਹਨ ?**

(1) ਕੈਦੋਂ ਨੇ

(2) ਹੀਰ ਨੇ

(3) ਪਰਿਵਾਰ ਨੇ

(4) ਨਿਜ਼ਾਮ ਨੇ

**122. ਕਿਸ ਦੇ ਪ੍ਰਭਾਵ ਹੇਠ ਚੂਚਕ 'ਕੁਆਰੀ ਦਾ ਦੋਸਤੀ ਲਾਉਣਾ ਗੁਨਾਹ' ਸਮਝਦਾ ਹੈ ?**

(1) ਕੈਦੋਂ ਦੇ

(2) ਸਮਾਜਕ ਮੁੱਲਾਂ ਦੇ

(3) ਪਰਿਵਾਰਕ ਪਿਛੋਕੜ ਦੇ

(4) ਇਕ ਪਿਤਾ ਦੇ ਫ਼ਰਜ਼ਾਂ ਦੇ

**123. ਚੂਚਕ ਹੀਰ ਦੇ ਇਸ਼ਕ ਪ੍ਰਤੀ ਸੁਹਿਰਦਤਾ ਵਿਖਾਉਂਦਿਆਂ ਕੀ ਕੁਝ ਕਰਦਾ ਹੈ ?**

(1) ਹੀਰ ਨੂੰ ਨਿਕਾਹ ਕਰਨ ਦੀ ਇਜਾਜਤ ਦੇ ਦਿੰਦਾ ਹੈ ।

(2) ਹੀਰ-ਰਾਂਝੇ ਨੂੰ ਆਪਣੀ ਪੱਧਰ ਉੱਤੇ ਘਰ ਵਸਾਉਣ ਦੀ ਸਲਾਹ ਦਿੰਦਾ ਹੈ ।

(3) ਦੋਹਾਂ ਦੇ ਵਿਆਹ ਬਾਰੇ ਪੰਚਾਂ ਨਾਲ ਸਲਾਹ ਕਰਦਾ ਹੈ ।

(4) ਕਾਜ਼ੀ ਨੂੰ ਰਿਸ਼ਵਤ ਦੇ ਕੇ ਹੀਰ ਦਾ ਵਿਆਹ ਖੇੜੇ ਨਾਲ ਕਰਵਾ ਦਿੰਦਾ ਹੈ ।

**124. ਹੀਰ ਦੀ ਕਥਾ ਦਾ ਅੰਤ ਹੈ :**

(1) ਹੀਰ ਦੀ ਮੌਤ

(2) ਹੀਰ ਦਾ ਰਾਂਝੇ ਨਾਲ ਨਿਕਾਹ

(3) ਹੀਰ ਦਾ ਖੇੜੇ ਨਾਲ ਵਿਆਹ

(4) ਹੀਰ ਦਾ ਉਧਲ ਜਾਣਾ

**125. ਸਮਾਜ ਦੇ ਵਫ਼ਾਦਾਰ ਵਜੋਂ ਚੂਚਕ ਹੇਠ ਲਿਖਿਆਂ ਵਿਚੋਂ ਕੀ ਨਹੀਂ ਕਰਦਾ ?**

(1) ਹੀਰ ਦੇ ਇਸ਼ਕ ਦਾ ਦੁਸ਼ਮਣ ਬਣਨਾ

(2) ਕਾਜ਼ੀ ਨੂੰ ਰਿਸ਼ਵਤ ਦੇਣਾ

(3) ਖੇੜਿਆਂ ਨੂੰ ਸੱਦਣਾ

(4) ਰਾਂਝੇ ਦੇ ਕਤਲ ਦੀ ਸਾਜਿਸ਼ ਰਚਨਾ

**126. ਗੱਲ ਮੁਸ਼ਕਿਲ ਹੈ ਵਾਕ ਵਿਚ 'ਹੋ ਜਾਂਦੀ ਹੈ' ਕੀ ਹੈ ?**

(1) ਨਾਂਵ ਵਾਕੰਸ

(2) ਕਿਰਿਆ ਵਾਕਾਂਸ਼

(3) ਕਿਰਿਆ

(4) ਕਿਰਿਆ ਵਿਸ਼ੇਸ਼ਣ

**127. 'ਗੋਲਿਆਂ' ਸ਼ਬਦ ਦਾ ਪੈਰੇ ਦੇ ਸੰਦਰਭ ਵਿਚ ਅਰਥ ਹੈ :**

(1) ਨੌਕਰ

(2) ਮਾਲਕਾਂ

(3) ਦਾਇਰਿਆਂ

(4) ਪੇਂਡੂਆਂ

**128. ਕੈਦੋਂ ਹੀਰ ਦੀ ਸ਼ਿਕਾਇਤ ਕਿਸ ਕੋਲ ਲਗਾਉਂਦਾ ਹੈ ?**

(1) ਚੂਚਕ ਕੋਲ

(2) ਕਾਜ਼ੀ ਕੋਲ

(3) ਰਾਂਝੇ ਕੋਲ

(4) ਸੈਦੇ ਖੇੜੇ ਕੋਲ

www.prepp.in



**ਨਿਰਦੇਸ਼ : ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (129 ਤੋਂ 135) ਤੱਕ ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਉ :**

ਹੁਣ ਤਾਂ ਭਾਵੇਂ ਹਿੰਦੂ ਤੇ ਸਿੱਖ ਭੀ ਕਾਫ਼ੀਆਂ ਲਿਖਣ ਲਗ ਪਏ ਹਨ, ਪਰ ਸ਼ੁਰੂ ਸ਼ੁਰੂ ਵਿਚ ਇਹ ਗੀਤ ਸੂਫ਼ੀ ਫ਼ਕੀਰਾਂ ਨੇ ਹੀ ਵਰਤਿਆ । ਸੂਫ਼ੀ ਮੱਤ ਈਰਾਨ ਵਿਚ ਪੈਦਾ ਹੋਇਆ, ਜਿਥੇ ਸਾਮੀ ਨਸਲ ਦੇ ਅਰਬੀ ਖ਼ਿਆਲਾਂ ਦਾ ਟਾਕਰਾ ਆਰੀਆ ਨਸਲ ਦੀ ਈਰਾਨੀ ਤਹਿਜ਼ੀਬ ਨਾਲ ਹੋਇਆ । ਸਾਮੀਂ (ਜਾਂ ਸੈਮਟਿਕ) ਨਸਲ ਦੇ ਲੋਕ ਰੱਬ ਨੂੰ ਕੁਦਰਤ ਦੇ ਅੰਦਰ ਪਸਰਿਆ ਹੋਇਆ ਵੇਖਦੇ ਸਨ ਜਦ ਦੋਹਾਂ ਖ਼ਿਆਲਾਂ ਦਾ ਮੇਲ ਹੋ ਗਿਆ, ਜਿਸ ਤੋਂ ਸੂਫ਼ੀ ਖ਼ਿਆਲ ਦੀ ਨੀਂਹ ਬੱਝੀ । ਸੂਫ਼ੀ ਮੱਤ ਵਿਚ ਰੱਬ ਨੂੰ ਸਭ ਦੇ ਅੰਦਰ ਤੇ ਸਭ ਦੇ ਬਾਹਰ ਮੰਨਿਆ ਗਿਆ, ਸਗੋਂ ਵੇਦਾਂਤੀਆਂ ਵਾਕਰ ਸਭ ਕੁਝ ਰੱਬ ਹੀ ਰੱਬ ਮੰਨਿਆ ਗਿਆ । ਇਸ ਤੇ ਸਾਮੀ ਜਾਂ ਮੁਸਲਮਾਨ ਅੰਸ਼ ਨੇ ਹੀ ਵਾਧਾ ਇਹ ਕੀਤਾ ਕਿ ਸੂਫ਼ੀ ਮੱਤ ਵਿਚ ਨਿਰੀ ਫ਼ਿਲਾਸਫ਼ਿਆਨਾ ਵਹਦਾਨੀਅਤ ਦੀ ਥਾਂ ਭਗਤੀ ਵਾਲੀ ਵਹਦਾਨੀਅਤ ਅਸਲੀ ਕੰਮ ਕਰਨ ਲੱਗੀ । ਰੱਬ ਨਾਲ ਅਭੇਦਤਾ ਦਾ ਅਸੂਲ ਸ਼ਰਈ ਲੋਕਾਂ ਨੂੰ ਖ਼ਤਰਨਾਕ ਭਾਸਿਆ ਕਰਦਾ ਹੈ, ਇਸ ਲਈ ਸੂਫ਼ੀ ਲੋਕ ਆਪਣੇ ਖ਼ਿਆਲ ਜ਼ਰਾ ਲੁਕਵੀਂ ਬੋਲੀ ਜਾਂ ਦੋਅਰਥੇ ਲਫ਼ਜ਼ਾਂ ਵਿਚ ਜ਼ਾਹਰ ਕਰਨ ਲੱਗ ਪਏ ।

**129. ਸੂਫ਼ੀ ਮੱਤ ਦਾ ਨਿਕਾਸ ਕਿੱਥੇ ਹੋਇਆ**

(1) ਈਰਾਨ ਵਿਚ

(2) ਦੱਖਣ ਭਾਰਤ ਵਿਚ

(3) ਪੂਰਬੀ ਭਾਰਤ ਵਿਚ

(4) ਤਿੱਬਤ ਵਿਚ

**130. ਲੇਖਕ ਅਨੁਸਾਰ ਸੈਮਟਿਕ ਨਸਲ ਦੀ ਅਰਬੀ ਵਿਚਾਰਧਾਰਾ ਦਾ ਟਾਕਰਾ ਕਿਸ ਸੱਭਿਅਤਾ ਨਾਲ ਹੋਇਆ ?**

(1) ਯੂਨਾਨੀ

(2) ਆਰੀਆ ਨਸਲ ਦੀ ਇਰਾਨੀ ਨਸਲ ਨਾਲ

(3) ਆਰੀਆ ਨਸਲ ਦੀ ਭਾਰਤੀ ਤਰਿਜ਼ੀਬ ਨਾਲ

(4) ਬੋਧੀਆਂ ਨਾਲ

**131. ਰੱਬ ਨਾਲ ਅਭੇਦਤਾ ਦਾ ਅਸੂਲ ਕਿੰਨਾਂ ਨੂੰ ਖ਼ਤਰਨਾਕ ਲਗਦਾ ਹੈ ?**

(1) ਵੇਦਾਂਤੀਆਂ ਨੂੰ

(2) ਸ਼ੰਕਰਾਚਾਰੀਆਂ ਨੂੰ

(3) ਸ਼ਰਈ ਲੋਕਾਂ ਨੂੰ

(4) ਸਨਾਤਨੀਆਂ ਨੂੰ

**132. ਰੱਬੀ ਅਭੇਦਤਾ ਬਾਰੇ ਸੂਫ਼ੀ ਲੋਕ ਆਪਣੇ ਖ਼ਿਆਲ ਕਿਵੇਂ ਜ਼ਾਹਿਰ ਕਰਦੇ ਹਨ**

(1) ਲੁਕਵੇਂ ਢੰਗ ਨਾਲ

(2) ਬੇਬਾਕੀ ਨਾਲ

(3) ਨਿਝੱਕ ਹੋ ਕੇ

(4) ਪ੍ਰਗਟ ਰੂਪ ਵਿਚ

**133. ਸ਼ਰਈ ਲੋਕਾਂ ਤੋਂ ਭਾਵ ਹੈ :**

(1) ਪਾਠ–ਪੂਜਾ ਕਰਨ ਵਾਲੇ ਸਨਿਆਸੀ

(2) ਇਸਲਾਮ ਦੇ ਬਾਹਰੀ ਚਿੰਨ੍ਹਾਂ ਨੂੰ ਕੱਟੜਤਾ ਦੀ ਹੱਦ ਤੱਕ ਧਾਰਨ ਕਰਨ ਵਾਲੇ

(3) ਇਸਲਾਮ ਦੇ ਬਾਹਰੀ ਭੇਖ ਦੇ ਵਿਰੋਧੀ

(4) ਵੇਦਾਂਤੀ ਲੋਕ

**134. ਸ਼ੁਰੂ–ਸ਼ੁਰੂ ਵਿਚ ਇਹ ਗੀਤ ਸੂਫ਼ੀ ਲੋਕਾਂ ਨੇ ਹੀ ਵਰਤਿਆ । ਵਾਕ ਵਿਚ 'ਇਹ' ਹੈ ।**

(1) ਸੰਬੰਧਕ

(2) ਨਿਪਾਤ

(3) ਵਿਸ਼ੇਸ਼ਣ

(4) ਪੜਨਾਂਵ

**135. ਕਾਫ਼ੀ ਕਾਵਿ–ਰੂਪ ਦੀ ਵਧੇਰੇ ਵਰਤੋਂ ਕਿੰਨ੍ਹਾਂ ਨੇ ਕੀਤੀ ?**

(1) ਹਿੰਦੂ ਗੀਤਕਾਰਾਂ ਨੇ

(2) ਸਿੱਖ ਗੁਰੂਆਂ ਨੇ

(3) ਕਿੱਸਾਕਾਰਾਂ ਨੇ

(4) ਸੂਫ਼ੀ ਫ਼ਕੀਰਾਂ ਨੇ

**136. 343 (2) ਧਾਰਾ ਅਨੁਸਾਰ ਸੰਵਿਧਾਨ ਪ੍ਰਦਾਨ ਕਰਦਾ ਹੈ :**

(1) ਹਿੰਦੀ ਦੀ ਇਕ ਦਫ਼ਤਰੀ ਭਾਸ਼ਾ ਵਜੋਂ ਵਰਤੋਂ

(2) ਹਿੰਦੀ ਦੀ ਇਕ ਸਹਿਯੋਗੀ ਦਫ਼ਤਰੀ ਭਾਸ਼ਾ ਵਜੋਂ ਵਰਤੋਂ

(3) ਅੰਗਰੇਜ਼ੀ ਦੀ ਇਕ ਦਫ਼ਤਰੀ ਭਾਸ਼ਾ ਵਜੋਂ ਵਰਤੋਂ

(4) ਅੰਗਰੇਜ਼ੀ ਦੀ ਇਕ ਸਹਿਯੋਗੀ ਦਫ਼ਤਰੀ ਭਾਸ਼ਾ ਵਜੋਂ ਵਰਤੋਂ

**137. ਇਨ੍ਹਾਂ ਵਿਚੋਂ ਕਹੜੀ ਇਕ ਕਲਾਸਿਕੀ ਭਾਸ਼ਾ ਦੀ ਕਸੌਟੀ ਨਹੀਂ ਹੈ :**

(1) ਭਾਸ਼ਾ ਦਾ ਇਕ ਇਤਿਹਾਸ / ਲਿਖਤ–ਸਾਹਿਤ ਹੈ ਜੋ ਕਿ 1500 ਤੋਂ 2000 ਸਾਲ ਪੁਰਾਣਾ ਹੈ ।

(2) ਕੁਝ ਪ੍ਰਾਚੀਨ ਸਾਹਿਤ / ਮਹਾਂਕਾਵਿ ਭਾਸ਼ਾ ਵਿਚ ਲਿਖੇ ਗਏ ਮਿਲਦੇ ਹਨ ।

(3) ਭਾਸ਼ਾ ਸੂਚੀ–ਬੱਧ ਭਾਸ਼ਾ ਨਾਲ ਸੰਬੰਧਿਤ ਨਹੀਂ ਹੋਣੀ ਚਾਹੀਦੀ ।

(4) ਭਾਸ਼ਾ ਦੀ ਆਪਣੀ ਮੌਲਿਕ ਸਾਹਿਤਕ ਪਰੰਪਰਾ ਹੈ ਅਤੇ ਇਹ ਦੂਸਰੇ ਭਾਸ਼ਾਈ ਫਰਕਿਆਂ ਤੋਂ ਉਧਾਰੀ ਨਾ ਲਈ ਗਈ ਹੋਵੇ ।

**138. ਸਿਖਿਆਰਥੀਆਂ ਦੀਆਂ ਸੁਣਨ ਯੋਗਤਾਵਾਂ ਦਾ ਮੁਲਾਂਕਣ ਕੀਤਾ ਜਾ ਸਕਦਾ ਹੈ :**

(1) ਉਨ੍ਹਾਂ ਨਾਲ ਨਿਯਮਿਤ ਡ੍ਰਿਲ ਅਤੇ ਅਭਿਆਸ ਰਾਹੀਂ

(2) ਉਨ੍ਹਾਂ ਨੂੰ ਇਕ ਕਹਾਣੀ ਸੁਣਾ ਕੇ ਉਸ 'ਤੇ ਅਧਾਰਿਤ ਸਵਾਲ ਪੁੱਛਕੇ

(3) ਉਨ੍ਹਾਂ ਨੂੰ ਮੂਕ ਪੜ੍ਹਤ ਦਾ ਇਕ ਮੌਕਾ ਦੇ ਕੇ

(4) ਉਨ੍ਹਾਂ ਨੂੰ ਸੈਰ–ਸਪਾਟੇ ਲਈ ਬਾਹਰ ਲੈ ਜਾਕੇ

www.prepp.in



139. **ਪੜ੍ਹਤ ਦੀ ਮੁੱਢਲੀ ਪੱਧਰ 'ਤੇ ਇਕ ਅਧਿਆਪਕ ਨੂੰ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ :**

(1) ਭਾਸ਼ਾ–ਅੱਖਰਾਂ ਨੂੰ ਯਾਦ ਕਰਨ 'ਤੇ

(2) ਭਾਸ਼ਾ ਦੀ ਰਵਾਨੀ ਉੱਪਰ

(3) ਅੱਖਰ–ਧੁਨੀ ਦੀ ਅਨੁਰੂਪਤਾ ਨੂੰ ਵਿਕਸਤ ਕਰਕੇ

(4) ਪੜ੍ਹਤ ਦੀ ਸ਼ੁੱਧਤਾ ਉੱਪਰ

140. **ਸੁਣਨਾ ਅਤੇ ਪੜ੍ਹਨਾ ਹਨ :**

(1) ਗ੍ਰਹਿਣਮੂਲਕ ਕੌਸ਼ਲ

(2) ਅਭਿਵਿਅਕਤੀ ਕੌਸ਼ਲ

(3) ਰੋਚਕ ਕਲਾਵਾਂ

(4) ਚਿੰਤਨ ਕਲਾਵਾਂ

141. **ਅਧਿਆਪਨ ਯੁਵਾ ਲੇਖਕਾਂ ਪ੍ਰਤੀ ਉਨ੍ਹਾਂ ਦੀਆਂ ਵਿਅਕਤੀਗਤ ਲੋੜਾਂ ਅਨੁਸਾਰ ਜਵਾਬਦੇਹ ਹੋ ਸਕਦੇ ਹਨ :**

(1) ਉਨ੍ਹਾਂ ਦੀਆਂ ਵਿਆਕਰਨਕ ਗਲਤੀਆਂ ਉੱਪਰ ਵਿਸਤਾਰਪੂਰਵਕ ਫੀਡਬੈਕ ਦੇ ਕੇ

(2) ਉਨ੍ਹਾਂ ਵਲੋਂ ਕੀਤੇ ਕੰਮ ਦੇ ਹਵਾਲੇ ਨਾਲ ਵਿਸ਼ੇਸ਼ ਟਿੱਪਣੀਆਂ ਕਰਕੇ ਅਤੇ ਉਨ੍ਹਾਂ ਦੇ ਚੰਗੇ ਕੰਮ ਦੀ ਸ਼ਲਾਘਾ ਕਰਕੇ ।

(3) ਉਨ੍ਹਾਂ ਨੂੰ ਗ਼ਲਤੀਆਂ ਨੂੰ ਨਜ਼ਰ–ਅੰਦਾਜ਼ ਕਰਨ ਲਈ ਕਹਿ ਕੇ ।

(4) ਜਮਾਤ ਵਿਚ ਉਨ੍ਹਾਂ ਵਲੋਂ ਕੀਤੀ ਚੰਗੀ ਲਿਖਤ ਨੂੰ ਸਨਮਾਨਿਤ ਕਰਕੇ ।

142. **ਭਾਸ਼ਾ ਦੀ ਗ੍ਰਹਿਣਯੋਗਤਾ ਅਤੇ ਭਾਸ਼ਾ ਦੀ ਸਿਖਲਾਈ ਦਰਮਿਆਨ ਹੇਠ ਲਿਖਿਆਂ ਵਿਚੋਂ ਕਿਹੜਾ ਬੁਨਿਆਦੀ ਅੰਤਰ ਹੈ :**

(1) ਰਵਾਨੀ ਅਤੇ ਸ਼ੁੱਧਤਾ

(2) ਭਾਸ਼ਾ ਤੱਕ ਪਹੁੰਚ ਦਾ ਪੱਧਰ

(3) ਸ਼ੁੱਧਤਾ ਅਤੇ ਗਤੀ

(4) ਗਤੀ ਅਤੇ ਉਚਾਰਨ

143. **ਮਾਂ ਬੋਲੀ ਦੀ ਇਕ ਸਾਧਨ ਵਜੋਂ ਵਰਤੋਂ ਦੇ ਸੰਬੰਧ ਵਿਚ ਇਨ੍ਹਾਂ ਵਿਚੋਂ ਕਿਹੜਾ ਕਥਨ ਸਹੀ ਨਹੀਂ ਹੈ :**

(1) ਇਹ ਬੱਚਿਆਂ ਨੂੰ ਸਿੱਖਣ, ਸਮਝਣ ਅਤੇ ਸੰਚਾਰ ਕਰਨ ਵਿਚ ਮਦਦਗਾਰ ਹੈ ।

(2) ਇਹ ਸਿਖਿਆਰਥੀਆਂ ਨੂੰ ਉਨ੍ਹਾਂ ਦੀ ਅਰਥ–ਉਤਪਾਦਨ ਪ੍ਰਕਿਰਿਆ ਵਿਚ ਸਹਾਇਤਾ ਲਈ ਇਕ ਉਸਾਰੂ ਭੂਮਿਕਾ ਨਿਭਾਉਂਦੀ ਹੈ ।

(3) ਮਾਂ ਬੋਲੀ ਵਡੇਰੇ ਅਧਿਆਪਨ ਲਈ ਰਾਹ ਖੋਲ੍ਹਦੀ ਹੈ ।

(4) ਇਹ ਦੂਜੀ ਭਾਸ਼ਾ ਨੂੰ ਅਣਦੇਖਿਆ ਕਰਨ ਵਿਚ ਮਦਦ ਕਰਦੀ ਹੈ ।

144. **ਇਕ ਬੱਚੇ ਦੀ ਮੁੱਢਲੀ ਪੱਧਰ ਦੇ ਭਾਸ਼ਾਈ ਵਿਕਾਸ ਵਿਚ ਇਨ੍ਹਾਂ ਵਿਚੋਂ ਸਭ ਤੋਂ ਵੱਧ ਮਹੱਤਵਪੂਰਨ ਕੀ ਹੈ ?**

(1) ਵਿਆਕਰਨਕ ਗਿਆਨ

(2) ਭਾਸ਼ਾ ਸੰਪੰਨ ਮਹੌਲ

(3) ਭਾਸ਼ਾ ਦੀ ਪਾਠ–ਪੁਸਤਕ

(4) ਇਕ ਬੱਚੇ ਦਾ ਮੁਲਾਂਕਣ

**145. 'ਪੋਰਟਫੋਲੀਓ' ਇਕ ਉਦਾਹਨ ਹੈ :**

(1) ਸਵੈ-ਮੁਲਾਂਕਣ

(2) ਅਧਿਆਪਨ-ਮੁਲਾਂਕਣ

(3) ਸਵੈ ਅਤੇ ਅਧਿਆਪਨ-ਮੁਲਾਂਕਣ ਦੋਵੇਂ

(4) ਸਟੇਟ ਬੋਰਡ ਮੁਲਾਂਕਣ

**146. 'ਕ੍ਰਾਸ-ਵਰਡ ਪਜ਼ਲ' ਕਿਸਨੂੰ ਵਿਕਸਤ ਕਰਨ ਵਿਚ ਮਦਦਗਾਰ ਹੈ ?**

(1) ਸੁਣਨ ਕਲਾ

(2) ਲਿਖਣ ਕਲਾ

(3) ਸ਼ਬਦਾਵਲੀ

(4) ਸਾਹਿਤਕ ਅਰਥ

**147. ਇਕ ਬੋਲ-ਕਾਰਜ (Speaking Activity) ਦਾ ਮੁਲਾਂਕਣ ਕਰਨ ਸਮੇਂ ਹੇਠ ਲਿਖਿਆਂ ਵਿਚੋਂ ਕਿਸ ਦੀ ਲੋੜ ਨਹੀਂ ਹੈ :**

(1) ਧੁਨੀਆਂ / ਸ਼ਬਦਾਂ ਦਾ ਉਚਾਰਨ

(2) ਵਿਸ਼ੇ ਵਿਚ ਸ਼ਬਦਾਂ ਦੇ ਢੁੱਕਵੇਂ ਰੂਪਾਂ ਦੀ ਵਰਤੋਂ

(3) ਸ਼ਬਦ ਕੋਸ਼ ਅਤੇ ਸ਼ਬਦ ਭੰਡਾਰ ਦੀ ਵਰਤੋਂ

(4) ਵਾਣੀ ਵਿਚ ਸਪਸ਼ਟਤਾ

**148. ਇਕ ਭਾਸ਼ਾ ਦੀ ਵਰਨਮਾਲਾਂ ਦੀਆਂ ਆਪਣੀਆਂ ਧੁਨੀਆਂ ਨਾਲ ਸੰਯੋਜਨ ਰਾਹੀਂ ਪੜ੍ਹਤ ਦੇ ਅਧਿਆਪਨ ਦੀ ਇਕ ਵਿਧੀ ਹੈ :**

(1) ਡਾਇਰੈਕਟ ਵਿਧੀ

(2) ਫੋਨਿਕ ਵਿਧੀ

(3) ਪੂਰਨ-ਭਾਸ਼ਾ

(4) ਅਾਂਸ਼ਿਕ-ਭਾਸ਼ਾ

**149. ਪਾਠ ਪੁਸਤਕ ਤੋਂ ਅਗੇਰੇ ਜਾਣ ਦਾ ਅਰਥ ਹੈ :**

(1) ਪਾਠ ਪੁਸਤਕ ਤੋਂ ਵਾਧੂ ਅਧਿਆਪਨ-ਸਮਗਰੀ ਮੁਹੱਈਆਂ ਕਰਵਾਉਣਾ

(2) ਪਾਠ ਪੁਸਤਕ ਨੂੰ ਅੱਖੋਂ-ਪਰੋਖੇ ਕਰਕੇ ਇਸ ਤੋਂ ਅੱਗੇ ਜਾਣਾ

(3) ਗਿਆਨ ਪਾਠ-ਪੁਸਤਕ ਅਧਾਰਿਤ ਹੋਣਾ ਚਾਹੀਦਾ ਹੈ

(4) ਪਾਠ-ਪੁਸਤਕ ਤੋਂ ਅੱਗੇ ਜਾਕੇ ਬੱਚਿਆਂ ਉੱਪਰ ਵਾਧੂ ਭਾਰ ਨਾ ਪਾਉਣਾ

**150. ਅਧਿਆਪਕ ਤੀਜੀ ਜਮਾਤ ਦੇ ਬੱਚਿਆਂ ਨੂੰ ਲਿਫ਼ਾਫਾ ਬਣਾਉਣ ਲਈ ਨਿਰਦੇਸ਼ ਦਿੰਦਾ ਹੈ ਅਤੇ ਵਿਦਿਆਰਥੀ ਨਿਰਦੇਸ਼ਾਂ ਦੀ ਪਾਲਣਾ ਕਰਦੇ ਹਨ . ਇਕ ਭਾਸਾ ਦੀ ਜਮਾਤ ਵਿਚ ਇਹ ਕਾਰਜ ਵਿਦਿਆਰਥੀਆਂ ਦੀ**

(1) ਲਿਖਣ ਦੀ ਕਲਾ ਵਧਾਉਣ ਵਿਚ ਮਦਦ ਕਰੇਗਾ ।

(2) ਬੋਲਣ ਦੀ ਕਲਾ ਵਧਾਉਣ ਵਿਚ ਮਦਦ ਕਰੇਗਾ ।

(3) ਸੁਣਨ-ਕਲਾ ਵਧਾਉਣ ਵਿਚ ਮਦਦ ਕਰੇਗਾ ।

(4) ਸਿਰਜਣਾਤਮਕਤਾ ਵਧਾਉਣ ਵਿਚ ਮਦਦ ਕਰੇਗਾ ।

www.prepp.in



**SPACE FOR ROUGH WORK**

Your Personal Exam Guide

www.prepp.in



## SPACE FOR ROUGH WORK

Prepp Your Personal Exam Guide

www.prepp.in

Prepp
Your Personal Exams Guide



**ਹੇਠ ਲਿਖੀਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ :**

1. ਵੱਖੋ-ਵੱਖਰੇ ਪ੍ਰਸ਼ਨਾ ਦੇ ਉੱਤਰ ਦੇਣ ਦੇ ਢੰਗ-ਤਰੀਕੇ ਟੈਸੱਟ ਬੁਕਲਿਟ ਵਿਚ ਵਿਸਤਾਰਪੂਰਵਕ ਦਿੱਤੇ ਗਏ ਹਨ । ਅਮਲੀ ਰੂਪ ਵਿਚ ਪ੍ਰਸ਼ਨਾ ਦੇ ਉੱਤਰ ਦੇਣ ਤੋਂ ਪਹਿਲਾਂ ਇਨ੍ਹਾਂ ਨੂੰ ਧਿਆਨ ਨਾਲ ਪੜ੍ਹੋ ।
2. ਹਰੇਕ ਪ੍ਰਸ਼ਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਲਈ ਓ.ਐੱਮ.ਆਰ. (OMR) ਉੱਤਰ-ਪੱਤਰ ਦੇ ਪੰਨਾ-2 ਵਿੱਚ ਇੱਕ ਗੋਲੇ ਨੂੰ ਹੀ ਪੂਰੀ ਤਰ੍ਹਾਂ **ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਨਾਲ ਭਰੋ । ਇੱਕ ਵਾਰ ਉੱਤਰ ਭਰਨ ਤੋਂ ਬਾਅਦ ਉਸਨੂੰ ਬਦਲਿਆ ਨਹੀਂ ਜਾ ਸਕਦਾ ।
3. ਪਰੀਖਿਆਰਥੀ ਇਸ ਗੱਲ ਦਾ ਧਿਆਨ ਦੇਣ ਕਿ ਉੱਤਰ-ਪੱਤਰ ਨੂੰ ਨਾ ਮੋੜਿਆ ਜਾਵੇ ਅਤੇ ਨਾ ਹੀ ਉਸ ਉਪਰ ਕੋਈ ਨਿਸ਼ਾਨ ਲਗਾਇਆ ਜਾਵੇ । ਪਰੀਖਿਆਰਥੀ ਆਪਣਾ ਰੋਲ ਨੰਬਰ ਉੱਤਰ-ਪੱਤਰ ਵਿੱਚ ਨਿਰਧਾਰਿਤ ਥਾਂ ਤੋਂ ਇਲਾਵਾ ਕਿਤੇ ਨਾ ਲਿਖਣ ।
4. ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੀ ਵਰਤੋਂ ਧਿਆਨ ਨਾਲ ਕਰੋ, ਕਿਉਂਕਿ ਕਿਸੀ ਵੀ ਪਰਿਸਥਿਤੀ ਵਿੱਚ (ਕੇਵਲ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੇ ਕੋਡ ਅਤੇ ਨੰਬਰ ਵਿੱਚ ਫ਼ਰਕ ਹੋਣ ਦੀ ਸਥਿਤੀ ਵਿੱਚ) ਦੂਜੀ ਪਰੀਖਿਆ-ਪੁਸਤਿਕਾ ਨਹੀਂ ਦਿੱਤੀ ਜਾਵੇਗੀ ।
5. ਪਰੀਖਿਆ-ਪੁਸਤਿਕਾ/ਉੱਤਰ-ਪੱਤਰ ਵਿੱਚ ਦਿੱਤੇ ਗਏ ਪਰੀਖਿਆ ਪੁਸਤਿਕਾ-ਸੰਕੇਤ ਅਤੇ ਨੰਬਰ ਨੂੰ ਪਰੀਖਿਆਰਥੀ ਸਹੀ ਤਰੀਕੇ ਨਾਲ ਹਾਜਰੀ-ਪੱਤਰ ਵਿੱਚ ਲਿਖਣ ।
6. ਮਸ਼ੀਨ OMR ਸ਼ੀਟ ਵਿਚ ਦਿੱਤੀ ਗਈ ਸੂਚਨਾ ਦੇ ਕੋਡਾਂ ਨੂੰ ਪੜ੍ਹੇਗੀ । ਇਸ ਲਈ ਕੋਈ ਵੀ ਜਾਣਕਾਰੀ ਅਧੂਰੀ ਨਹੀਂ ਰਹਿਣੀ ਚਾਹੀਦੀ । ਇਹ ਐਡਮਿਟ ਕਾਰਡ (ਦਾਖ਼ਲਾ ਕਾਰਡ) ਵਿਚ ਦਿੱਤੀ ਗਈ ਸੂਚਨਾ ਤੋਂ ਭਿੰਨ ਨਹੀਂ ਹੋਣੀ ਚਾਹੀਦੀ ।
7. ਪਰੀਖਿਆਰਥੀ ਦੁਆਰਾ ਪਰੀਖਿਆ ਹਾਲ/ਕਮਰੇ ਵਿੱਚ ਪ੍ਰਵੇਸ਼ ਕਾਰਡ ਤੋਂ ਇਲਾਵਾ ਕਿਸੀ ਪ੍ਰਕਾਰ ਦੀ ਪਾਠ-ਸਮੱਗਰੀ, ਪ੍ਰਿੰਟਿਡ ਜਾਂ ਹੱਥ ਲਿਖਤ, ਕਾਗਜ਼ ਦੀਆਂ ਪਰਚੀਆਂ, ਪੇਜਰ, ਮੋਬਾਇਲ ਫੋਨ, ਇਲੈਕਟ੍ਰਾਨਿਕ ਯੰਤਰ ਜਾਂ ਕਿਸੀ ਹੋਰ ਪ੍ਰਕਾਰ ਦੀ ਸਮੱਗਰੀ ਨੂੰ ਲਿਜਾਣ ਦੀ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੈ ।
8. ਮੋਬਾਈਲ ਫ਼ੋਨ, ਬਿਨਾ ਤਾਰ ਵਾਲੇ ਸੰਚਾਰ ਜੰਤਰ (ਇਥੋਂ ਤਕ ਕਿ ਬੰਦ ਹਾਲਤ ਵਿਚ ਵੀ) ਤੇ ਹੋਰ ਪਾਬੰਦੀਸ਼ੁਦਾ ਵਸਤਾਂ ਪ੍ਰੀਖਿਆ ਕੇਂਦਰ ਜਾ ਕਮਰਿਆਂ ਵਿਚ ਨਹੀਂ ਲਿਆਉਣੀਆਂ ਚਾਹੀਦੀਆਂ । ਇਸ ਨਿਰਦੇਸ਼ ਦਾ ਪਾਲਣ ਨਾ ਕਰਨ ਦੀ ਸੂਰਤ ਵਿਚ ਇਸ ਨੂੰ ਇਮਿਤਿਹਾਨ ਵਿਚ ਗੈਰ ਕਾਨੂੰਨੀ ਸਾਧਨਾਂ ਦੀ ਵਰਤੋਂ ਮੰਨਿਆਂ ਜਾਵੇਗਾ ਤੇ ਪ੍ਰੀਖਿਆ ਰਦ ਕਰਨ ਸਮੇਤ ਸੰਬੰਧਤ ਉਮੀਦਵਾਰ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ ।
9. ਨਿਰੀਖਿਅਕ ਦੀ ਮੰਗ 'ਤੇ ਹਰੇਕ ਪਰੀਖਿਆਰਥੀ ਆਪਣਾ ਪ੍ਰਵੇਸ਼-ਕਾਰਡ ਜ਼ਰੂਰ ਦਿਖਾਏ ।
10. ਕੇਂਦਰ ਸੁਪਰਿਨਟੈਂਡੈਂਟ ਜਾਂ ਨਿਰੀਖਿਅਕ ਦੀ ਖਾਸ ਇਜਾਜ਼ਤ ਤੋਂ ਬਿਨਾਂ ਪਰੀਖਿਆਰਥੀ ਆਪਣੀ ਸੀਟ ਨਾ ਛੱਡੇ ।
11. ਨਿਰੀਖਿਅਕ ਨੂੰ ਆਪਣਾ ਉੱਤਰ-ਪੱਤਰ ਦਿੱਤੇ ਬਿਨਾਂ ਅਤੇ ਹਾਜ਼ਰੀ-ਪੱਤਰ ਉੱਤੇ ਦੁਬਾਰਾ ਦਸਖ਼ਤ ਕੀਤੇ ਬਿਨਾਂ ਪਰੀਖਿਆਰਥੀ, ਪਰੀਖਿਆ ਹਾਲ ਨੂੰ ਨਹੀਂ ਛੱਡਣਗੇ । ਜੇਕਰ ਕਿਸੀ ਪਰੀਖਿਆਰਥੀ ਨੇ ਦੂਜੀ ਬਾਰ ਹਾਜ਼ਰੀ-ਪੱਤਰ ਉੱਤੇ ਦਸਖ਼ਤ ਨਹੀਂ ਕੀਤੇ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ ਉੱਤਰ ਪੱਤਰ ਜਮ੍ਹਾ ਨਹੀਂ ਕਰਾਇਆ ਅਤੇ ਇਹ ਅਨੁਚਿਤ ਸਾਧਨ ਦਾ ਮਾਮਲਾ ਮੰਨਿਆ ਜਾਵੇਗਾ ।
12. ਇਲੈਕਟ੍ਰਾਨਿਕ/ਹੱਥ ਨਾਲ ਚੱਲਣ ਵਾਲੇ ਕੈਲਕੂਲੇਟਰ ਦਾ ਇਸਤੇਮਾਲ ਵਰਜਿਤ ਹੈ ।
13. ਪਰੀਖਿਆਰਥੀ ਪਰੀਖਿਆ ਹਾਲ ਵਿੱਚ ਬੋਰਡ ਦੇ ਸਾਰੇ ਨਿਯਮਾਂ, ਕਾਨੂੰਨਾ ਦੀ ਪਾਲਨਾ ਕਰੇਗਾ । ਅਨੁਚਿਤ ਸਾਧਨਾਂ ਦੇ ਸਾਰੇ ਮਾਮਲਿਆਂ ਲਈ ਫੈਸਲਾ ਬੋਰਡ ਦੇ ਨਿਯਮਾਂ ਕਾਨੂੰਨਾਂ ਅਨੁਸਾਰ ਹੋਵੇਗਾ ।
14. ਕਿਸੇ ਵੀ ਸਥਿਤੀ ਵਿੱਚ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦਾ ਕੋਈ ਭਾਗ ਅਲਗ ਨਾ ਕਰੋ ।
15. **ਪਰੀਖਿਆ ਖ਼ਤਮ ਹੋਣ 'ਤੇ, ਪਰੀਖਿਆਰਥੀ ਹਾਲ/ਕਮਰਾ ਛੱਡਣ ਤੋਂ ਪਹਿਲਾਂ ਆਪਣਾ ਉੱਤਰ-ਪੱਤਰ ਆਪਣੇ ਕਮਰੇ ਦੇ ਨਿਰੀਖਿਅਕ ਨੂੰ ਸੌਂਪੇਗਾ । ਪਰੀਖਿਆਰਥੀ ਇਸ ਪਰੀਖਿਆ-ਪੁਸਤਿਕਾ ਨੂੰ ਆਪਣੇ ਨਾਲ ਲਿਜਾ ਸਕਦੇ ਹਨ ।**

www.prepp.in



**निम्नलिखित निर्देशों को ध्यान से पढ़ें :**

1. जिस प्रकार से विभिन्न प्रश्नों के उत्तर दिए जाने हैं उसका वर्णन परीक्षा पुस्तिका में किया गया है, जिसे आप प्रश्नों का उत्तर देने से पहले ध्यान से पढ़ लें ।
2. प्रत्येक प्रश्न के लिए दिए गए चार विकल्पों में से सही उत्तर के लिए OMR उत्तर पत्र के **पृष्ठ-2** पर केवल एक वृत्त को ही पूरी तरह **काले/नीले बॉल पॉइन्ट पेन** से भरें । एक बार उत्तर अंकित करने के बाद उसे बदला नहीं जा सकता है ।
3. परीक्षार्थी सुनिश्चित करें कि इस उत्तर पत्र को मोड़ा न जाए एवं उस पर कोई अन्य निशान न लगाएँ । परीक्षार्थी अपना अनुक्रमांक उत्तर-पत्र में निर्धारित स्थान के अतिरिक्त अन्यत्र न लिखें ।
4. परीक्षा पुस्तिका एवं उत्तर पत्र का ध्यानपूर्वक प्रयोग करें, क्योंकि किसी भी परिस्थिति में (केवल परीक्षा पुस्तिका एवं उत्तर पत्र के संकेत या संख्या में भिन्नता की स्थिति को छोड़कर) दूसरी परीक्षा पुस्तिका उपलब्ध नहीं करायी जाएगी ।
5. परीक्षा पुस्तिका / उत्तर पत्र में दिए गए परीक्षा पुस्तिका संकेत व संख्या को परीक्षार्थी सही तरीके से हाज़िरी-पत्र में लिखें ।
6. OMR उत्तर पत्र में कोडित जानकारी को एक मशीन पढ़ेगी । इसलिए कोई भी सूचना अधूरी न छोड़ें और यह प्रवेश-पत्र में दी गई सूचना से भिन्न नहीं होनी चाहिए ।
7. परीक्षार्थी द्वारा परीक्षा हॉल/कक्ष में प्रवेश-पत्र के सिवाय किसी प्रकार की पाठ्य-सामग्री, मुद्रित या हस्तलिखित, कागज़ की पर्चियाँ, पेजर, मोबाइल फोन, इलेक्ट्रॉनिक उपकरण या किसी अन्य प्रकार की सामग्री को ले जाने या उपयोग करने की अनुमति नहीं है ।
8. मोबाइल फोन, बेतार संचार युक्तियाँ (स्वीच ऑफ अवस्था में भी) और अन्य प्रतिबंधित वस्तुएँ परीक्षा हॉल/कक्ष में नहीं लाई जानी चाहिए । इस सूचना का पालन न होने पर इसे परीक्षा में अनुचित साधनों का प्रयोग माना जाएगा और उनके विरुद्ध कार्यवाही की जाएगी, परीक्षा रद्द करने सहित ।
9. पूछे जाने पर प्रत्येक परीक्षार्थी, निरीक्षक को अपना प्रवेश-पत्र दिखाएँ ।
10. केन्द्र अधीक्षक या निरीक्षक की विशेष अनुमति के बिना कोई परीक्षार्थी अपना स्थान न छोड़ें ।
11. कार्यरत निरीक्षक को अपना उत्तर पत्र दिए बिना एवं हाज़िरी-पत्र पर दुबारा हस्ताक्षर किए बिना परीक्षार्थी परीक्षा हॉल/कक्ष नहीं छोड़ेंगे । यदि किसी परीक्षार्थी ने दूसरी बार हाज़िरी-पत्र पर हस्ताक्षर नहीं किए, तो यह माना जाएगा कि उसने उत्तर पत्र नहीं लौटाया है और यह अनुचित साधन का मामला माना जाएगा । **परीक्षार्थी अपने बाएँ हाथ के अंगूठे का निशान हाज़िरी-पत्र में दिए गए स्थान पर अवश्य लगाएँ ।**
12. इलेक्ट्रॉनिक / हस्तचालित परिकलक का उपयोग वर्जित है ।
13. परीक्षा हॉल/कक्ष में आचरण के लिए परीक्षार्थी बोर्ड के सभी नियमों एवं विनियमों द्वारा नियमित हैं । अनुचित साधनों के सभी मामलों का फैसला बोर्ड के नियमों एवं विनियमों के अनुसार होगा ।
14. किसी हालत में परीक्षा पुस्तिका और उत्तर पत्र का कोई भाग अलग न करें ।
15. **परीक्षा सम्पन्न होने पर, परीक्षार्थी हॉल / कक्ष छोड़ने से पूर्व उत्तर पत्र कक्ष-निरीक्षक को अवश्य सौंप दें । परीक्षार्थी अपने साथ इस परीक्षा पुस्तिका को ले जा सकते हैं ।**

**READ THE FOLLOWING INSTRUCTIONS CAREFULLY:**

1. The manner in which the different questions are to be answered has been explained in the Test Booklet which you should read carefully before actually answering the questions.
2. Out of the four alternatives for each question, only one circle for the correct answer is to be darkened completely with **Black/Blue Ball Point Pen** on **Side-2** of the OMR Answer Sheet. The answer once marked is not liable to be changed.
3. The candidates should ensure that the Answer Sheet is not folded. Do not make any stray marks on the Answer Sheet. Do not write your Roll No. anywhere else except in the specified space in the Answer Sheet.
4. Handle the Test Booklet and Answer Sheet with care, as under no circumstances (except for discrepancy in Test Booklet Code or Number and Answer Sheet Code or Number), another set will be provided.
5. The candidates will write the correct Test Booklet Code and Number as given in the Test Booklet / Answer Sheet in the Attendance Sheet.
6. A machine will read the coded information in the OMR Answer Sheet. Hence, no information should be left incomplete and it should not be different from the information given in the Admit Card.
7. Candidates are not allowed to carry any textual material, printed or written, bits of papers, pager, mobile phone, electronic device or any other material except the Admit Card inside the examination hall/ room.
8. Mobile phones, wireless communication devices (even in switched off mode) and the other banned items should not be brought in the examination halls/ rooms. Failing to comply with this instruction, it will be considered as using unfair means in the examination and action will be taken against them including cancellation of examination.
9. Each candidate must show on demand his / her Admit Card to the Invigilator.
10. No candidate, without special permission of the Centre Superintendent or Invigilator, should leave his / her seat.
11. The candidates should not leave the Examination Hall/ Room without handing over their Answer Sheet to the Invigilator on duty and sign the Attendance Sheet twice. Cases where a candidate has not signed the Attendance Sheet second time will be deemed not to have handed over the Answer Sheet and dealt with as an unfair means case. **The candidates are also required to put their left hand THUMB impression in the space provided in the Attendance Sheet.**
12. Use of Electronic / Manual Calculator is prohibited.
13. The candidates are governed by all Rules and Regulations of the Board with regard to their conduct in the Examination Hall/Room. All cases of unfair means will be dealt with as per Rules and Regulations of the Board.
14. No part of the Test Booklet and Answer Sheet shall be detached under any circumstances.
15. **On completion of the test, the candidate must hand over the Answer Sheet to the Invigilator in the Hall / Room.** ***The candidates are allowed to take away this Test Booklet with them.***